Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 19*Issue 138 Wednesday, July 22, 2020 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਵੁਈ ਚੈਰਿਟੀ ਵਿਵਾਦ ਨੂੰ ਲੈ ਕੇ ਸ਼ੀਅਰ ਟਰੂਡੋ ਉਲਝੇ



ਓਟਵਾ, 21 ਜੁਲਾਈ (ਪੋਸਟ ਬਿਊਰੋ) : ਵੁਈ ਚੈਰਿਟੀ ਵਿਵਾਦ ਵਿੱਚ ਵਿਸ਼ੇਸ਼ ਪ੍ਰਸ਼ਨ ਕਾਲ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਅਹੁਦਾ ਛੱਡ ਰਹੇ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਦਰਮਿਆਨ ਕਾਫੀ ਬਹਿਸ ਹੋਈ।

ਜਦੋਂ ਤੋਂ ਇਹ ਖੁਲਾਸਾ ਹੋਇਆ ਹੈ ਕਿ ਪ੍ਰਧਾਨ ਮੰਤਰੀ ਦੇ ਪਰਿਵਾਰਕ ਮੈਂਬਰਾਂ ਨੂੰ ਪਿਛਲੇ ਚਾਰ ਸਾਲਾਂ ਵਿੱਚ ਵੁਈ ਚੈਰਿਟੀ ਦੇ ਈਵੈਂਟਸ ਵਿੱਚ ਬੋਲਣ ਕਾਰਨ ਲੱਗਭਗ 300,000 ਡਾਲਰ ਅਦਾ ਕੀਤੇ ਗਏ ਹਨ ਉਦੋਂ ਤੋਂ ਲੈ ਕੇ ਹੁਣ ਪਹਿਲੀ ਵਾਰੀ ਟਰੂਡੋ ਵਿਰੋਧੀ ਧਿਰਾਂ ਦੇ ਸਵਾਲਾਂ ਦੇ ਜਵਾਬ ਦੇਣ ਲਈ ਹਾਊਸ ਆਫ ਕਾਮਨਜ਼ ਪਹੁੰਚੇ। ਵੁਈ ਚੈਰਿਟੀ ਨੂੰ ਦਿੱਤੇ ਇਸ ਗ੍ਰਾਂਟ ਪ੍ਰੋਗਰਾਮ ਨੂੰ ਭਾਵੇਂ ਹਾਲ ਦੀ ਘੜੀ ਰੋਕ ਦਿੱਤਾ ਗਿਆ ਹੈ ਪਰ ਇਸ ਸੰਸਥਾ ਨੂੰ ਹੀ ਇੱਕਲਿਆਂ ਇਹ ਪ੍ਰੋਗਰਾਮ ਦੇਣ ਸਬੰਧੀ ਵਿਰੋਧੀ ਧਿਰਾਂ ਵੱਲੋਂ ਟਰੂਡੋ ਤੋਂ ਸਵਾਲਾਂ ਦੀ ਝੜੀ ਲਾ ਦਿੱਤੀ ਗਈ।

ਇਸ ਮੌਕੇ ਸ਼ੀਅਰ ਨੇ ਆਖਿਆ ਕਿ ਕੀ ਪ੍ਰਧਾਨ ਮੰਤਰੀ ਕਮੇਟੀ ਸਾਹਮਣੇ ਪੇਸ਼ ਹੋ ਕੇ ਆਪਣਾ ਪੱਖ ਰੱਖਣਗੇ? ਟਰੂਡੋ ਨੇ ਜਵਾਬ ਵਿੱਚ ਆਖਿਆ ਕਿ ਕੋਵਿਡ-19 ਮਹਾਂਮਾਰੀ ਦੌਰਾਨ ਉਨ੍ਹਾਂ ਦੀ ਸਰਕਾਰ ਵੱਲੋਂ ਕਈ ਤਰ੍ਹਾਂ ਦੇ ਏਡ ਪ੍ਰੋਗਰਾਮ ਤੇ ਸੋਸ਼ਲ ਸਪੋਰਟ ਮੁਹੱਈਆ ਕਰਵਾਈ ਗਈ। ਟਰੂਡੋ ਨੇ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਕਿ ਵੁਈ ਚੈਰਿਟੀ ਨੂੰ 912 ਮਿਲੀਅਨ ਡਾਲਰ ਦਾ ਸਟੂਡੈਂਟ ਵਾਲੰਟੀਅਰ ਪ੍ਰੋਗਰਾਮ ਦੇਣ ਦੇ ਸਬੰਧ ਵਿੱਚ ਐਮਪੀਜ਼ ਦੇ ਕਮੇਟੀ ਸਾਹਮਣੇ ਪੇਸ਼ ਹੋ ਕੇ ਆਪਣਾ ਪੱਖ ਰੱਖਣ ਦੇ ਸੱਦੇ ਨੂੰ ਉਹ ਸਵੀਕਾਰ ਕਰਨਗੇ।

ਇਸ ਉੱਤੇ ਸ਼ੀਅਰ ਨੇ ਆਖਿਆ ਕਿ ਪ੍ਰਧਾਨ ਮੰਤਰੀ ਆਪਣੇ ਭ੍ਰਿਸ਼ਟਾਚਾਰ ਲਈ ਮਹਾਂਮਾਰੀ ਨੂੰ ਬਹਾਨਾ ਬਣਾ ਕੇ ਪੇਸ਼ ਕਰ ਰਹੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਇਹ ਬਹੁਤ ਘਿਨਾਉਣਾ ਹੈ, ਉਹ ਹੋਰ ਸਵਾਲ ਨਹੀਂ ਪੁੱਛਣਾ ਚਾਹੁੰਦੇ। ਟਰੂਡੋ ਨੇ ਆਖਿਆ ਕਿ ਕੋਵਿਡ-19 ਏਡ ਪ੍ਰੋਗਰਾਮ ਤਹਿਤ ਕਈ ਹੋਰ ਬਿਲੀਅਨ ਡਾਲਰ ਮਨਜ਼ੂਰ ਕੀਤੇ ਜਾਣਾ ਵੱਡੀ ਪ੍ਰਾਪਤੀ ਸੀ ਤੇ ਉਨ੍ਹਾਂ ਨੂੰ ਲੱਗਿਆ ਕਿ ਵਿਰੋਧੀ ਧਿਰ ਕੋਲ ਉਸ ਨਾਲ ਸਬੰਧਤ ਸਵਾਲ ਹੋਣਗੇ।

ਇਸ ਦੌਰਾਨ ਵੁਈ ਚੈਰਿਟੀ ਨਾਲ ਜੁੜੇ ਮਸਲੇ ਉੱਤੇ ਬਲਾਕ ਕਿਊਬਿਕੁਆ ਆਗੂ ਯਵੇਸ ਫਰੈਂਕੋਇਸ ਬਲੈਂਚੈਟ ਤੇ ਐਨਡੀਪੀ ਆਗੂ ਜਗਮੀਤ ਸਿੰਘ ਵੱਲੋਂ ਵੀ ਟਰੂਡੋ ਤੋਂ ਸਵਾਲ ਪੁੱਛੇ ਗਏ।

## ਵੇਜ ਸਬਸਿਡੀ ਤੇ ਡਿਸਐਬਿਲਿਟੀ ਏਡ ਪੇਅਮੈਂਟ ਬਿਲ ਹੋਇਆ ਪਾਸ



ਓਟਵਾ, 21 ਜੁਲਾਈ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਕੋਵਿਡ-19 ਸਬੰਧੀ ਲਿਆਂਦਾ ਗਿਆ ਐਮਰਜੰਸੀ ਏਡ ਬਿੱਲ ਮੰਗਲਵਾਰ ਨੂੰ ਹਾਊਸ ਆਫ ਕਾਮਨਜ਼ ਵਿੱਚ ਪਾਸ ਹੋ ਗਿਆ। ਵੇਜ ਸਬਸਿਡੀ ਪ੍ਰੋਗਰਾਮ ਵਿੱਚ ਪ੍ਰਸਤਾਵਿਤ ਤਬਦੀਲੀਆਂ ਤੇ ਅਪਾਹਜ ਲੋਕਾਂ ਦੀ ਆਰਥਿਕ ਮਦਦ ਲਈ (ਵੇਜ ਸਬਸਿਡੀ ਤੇ ਡਿਸਐਬਿਲਿਟੀ ਏਡ ਪੇਅਮੈਂਟ) ਲਿਆਂਦਾ ਇਹ ਬਿੱਲ ਹੁਣ ਸੈਨੇਟ ਦੇ ਵਿਚਾਰਅਧੀਨ ਹੈ।

ਮੰਗਲਵਾਰ ਨੂੰ ਹਾਊਸ ਆਫ ਕਾਮਨਜ਼ ਦੀ ਸਪੈਸ਼ਲ ਸਿਟਿੰਗ ਇਸ ਬਿੱਲ ਦੇ ਸਬੰਧ ਵਿੱਚ ਰੱਖੀ ਗਈ। ਸਰਕਾਰ ਦੇ ਹਾਊਸ ਲੀਡਰ ਪਾਬਲੋ ਰੌਡਰਿਗਜ਼ ਨੇ ਸੋਮਵਾਰ ਨੂੰ ਆਖਿਆ ਸੀ ਕਿ ਵੇਜ ਸਬਸਿਡੀ ਦੇ ਲਿਹਾਜ ਨਾਲ ਕਾਰੋਬਾਰੀ ਅਤੇ ਅਪਾਹਜ ਲੋਕ ਬੜੀ ਆਸ ਨਾਲ ਇਸ ਬਿੱਲ ਦੇ ਪਾਸ ਹੋਣ ਦੀ ਉਡੀਕ ਕਰ ਰਹੇ ਹਨ। ਸਾਨੂੰ ਖੁਸ਼ੀ ਹੈ ਕਿ ਅਸੀਂ ਇਸ ਪਾਸੇ ਸਕਾਰਾਤਮਕ ਢੰਗ ਨਾਲ ਅੱਗੇ ਵੱਧ ਰਹੇ ਹਾਂ।

ਅਪਾਹਜਾਂ ਨੂੰ ਦਿੱਤੀ ਜਾਣ ਵਾਲੀ ਆਰਥਿਕ ਮਦਦ ਲਈ ਲਿਆਂਦੇ ਇਸ ਬਿੱਲ ਨੂੰ ਪਾਸ ਕਰਵਾਉਣ ਵਿੱਚ ਲਿਬਰਲਾਂ ਨੂੰ ਸ਼ੁਰੂ ਵਿੱਚ ਸਫਲਤਾ ਹਾਸਲ ਨਹੀਂ ਸੀ ਹੋਈ। ਜੂਨ ਵਿੱਚ ਲਿਬਰਲ ਸਾਰੀਆਂ ਪਾਰਟੀਆਂ ਦਾ ਸਮਰਥਨ ਜੁਟਾਉਣ ਵਿੱਚ ਅਸਫਲ ਰਹੇ ਸਨ। ਵਿੱਤ ਮੰਤਰੀ ਬਿੱਲ ਮੌਰਨਿਊ ਵੱਲੋਂ 8 ਜੁਲਾਈ ਨੂੰ ਵੇਜ ਸਬਸਿਡੀ ਦੀਆਂ ਤਬਦੀਲੀਆਂ ਦਾ ਖੁਲਾਸਾ ਕੀਤਾ ਗਿਆ ਸੀ। ਉਨ੍ਹਾਂ ਇਹ ਸੰਕੇਤ ਵੀ ਦਿੱਤਾ ਸੀ ਕਿ ਸਰਕਾਰ ਇਸ ਪ੍ਰੋਗਰਾਮ ਲਈ ਕਈ ਹੋਰ ਬਿਲੀਅਨ ਡਾਲਰ ਦਾ ਬਜਟ ਲਿਆਈ ਹੈ। ਹੁਣ ਤੱਕ ਇਸ ਫੈਡਰਲ ਏਡ ਪ੍ਰੋਗਰਾਮ ਲਈ 262,200 ਇੰਪਲੌਇਰਜ਼ ਸਰਕਾਰ ਤੱਕ ਪਹੁੰਚ ਕਰ ਚੁੱਕੇ ਹਨ।

## ਬਿੱਲ 195 ਖਿਲਾਫ ਵੋਟ ਪਾਉਣ ਉੱਤੇ ਕੈਂਬ੍ਰਿਜ ਦੀ ਐਮਪੀਪੀ ਦੀ ਪੀਸੀ ਕਾਕਸ ਤੋਂ ਕੀਤੀ ਗਈ ਛੁੱਟੀ



ਓਨਟਾਰੀਓ, 21 ਜੁਲਾਈ (ਪੋਸਟ ਬਿਊਰੋ) : ਬਿੱਲ 195 ਦੇ ਖਿਲਾਫ ਵੋਟ ਪਾਉਣ ਵਾਲੀ ਕੈਂਬ੍ਰਿਜ ਦੀ ਐਮਪੀਪੀ ਬੇਲਿੰਡਾ ਕਾਰਾਹਾਲੀਓਜ਼ ਨੂੰ ਫੋਰਡ ਸਰਕਾਰ ਵੱਲੋਂ ਪੀਸੀ ਕਾਕਸ ਤੋਂ ਬਾਹਰ ਕਰ ਦਿੱਤਾ ਗਿਆ ਹੈ।

ਇੱਕ ਬਿਆਨ ਜਾਰੀ ਕਰਕੇ ਪ੍ਰੀਮੀਅਰ ਦੇ ਆਫਿਸ ਵੱਲੋਂ ਇਸ ਖਬਰ ਦੀ ਪੁਸ਼ਟੀ ਕੀਤੀ ਗਈ। ਇਸ ਬਿਆਨ ਵਿੱਚ ਦੱਸਿਆ ਗਿਆ ਕਿ ਬੇਲਿੰਡਾ ਕਾਰਾਹਾਲੀਓਜ਼ ਹੁਣ ਪੀਸੀ ਕਾਕਸ ਦਾ ਹਿੱਸਾ ਨਹੀਂ ਰਹੀ। ਇਹ ਵੀ ਆਖਿਆ ਗਿਆ ਕਿ ਸਾਡੀ ਸਰਕਾਰ ਦੀ ਮੁੱਖ ਤਰਜੀਹ ਸਿਹਤ ਤੇ ਓਨਟਾਰੀਓ ਵਾਸੀਆਂ ਦੀ ਸੇਫਟੀ ਹੈ ਤੇ ਬਿੱਲ 195 ਮਹਾਂਮਾਰੀ ਦੌਰਾਨ ਹਰੇਕ ਓਨਟਾਰੀਓ ਵਾਸੀ ਦੀ ਹਿਫਾਜ਼ਤ ਲਈ ਲਿਆਂਦਾ ਗਿਆ ਇਹ ਅਹਿਮ ਬਿੱਲ ਸੀ।

ਸਿਰਫ ਕਾਰਾਹਾਲੀਓਜ਼ ਨੇ ਹੀ ਇਸ ਬਿੱਲ ਦੇ ਖਿਲਾਫ ਵੋਟ ਪਾਈ। ਮੈਂਬਰ ਆਫ ਪ੍ਰੋਵਿੰਸ਼ੀਅਲ ਪਾਰਲੀਆਮੈਂਟ ਵਜੋਂ ਇਹ ਉਸ ਦਾ ਪਹਿਲਾ ਕਾਰਜਕਾਲ ਸੀ। ਬਿੱਲ 195 ਰਾਹੀਂ ਪ੍ਰੋਵਿੰਸ਼ੀਅਲ ਸਰਕਾਰ ਦੋ ਸਾਲ ਲਈ ਇੱਕ-ਇੱਕ ਮਹੀਨਾ ਕਰਕੇ ਐਮਰਜੰਸੀ ਆਰਡਰਜ਼ ਵਿੱਚ ਵਾਧਾ ਤੇ ਸੋਧ ਕਰ ਸਕਦੀ ਹੈ। ਲੋੜ ਪੈਣ ਉੱਤੇ ਸਰਕਾਰ ਮੁੜ ਲਾਕਡਾਊਨ ਵੀ ਕਰ ਸਕਦੀ ਹੈ। ਇਸ ਤੋਂ ਇਲਾਵਾ ਹੈਲਥ ਕੇਅਰ ਸਟਾਫ ਨੂੰ ਮੁੜ ਤਾਇਨਾਤ ਕਰਨਾ ਜਾਰੀ ਰੱਖ ਸਕਦੀ ਹੈ ਤੇ ਸੋਸ਼ਲ ਗੈਦਰਿੰਗਜ਼ ਨੂੰ ਸੀਮਤ ਕਰ ਸਕਦੀ ਹੈ।

## ਸਰਹੱਦੀ ਪਾਬੰਦੀਆਂ ਖ਼ਤਮ ਹੋਣ ਤੱਕ ਕੌਮਾਂਤਰੀ ਵਿਦਿਆਰਥੀਆਂ ਨੂੰ ਕੈਨੇਡਾ ਨਾ ਆਉਣ ਦੀ ਸਲਾਹ



ਓਟਵਾ, 21 ਜੁਲਾਈ (ਪੋਸਟ ਬਿਊਰੋ) : ਕੌਮਾਂਤਰੀ ਵਿਦਿਆਰਥੀਆਂ ਨੂੰ ਹਾਲ ਦੀ ਘੜੀ ਉਦੋਂ ਤੱਕ ਕੈਨੇਡਾ ਨਾ ਆਉਣ ਦੀਆਂ ਹਦਾਇਤਾਂ ਦਿੱਤੀਆਂ ਜਾ ਰਹੀਆਂ ਹਨ ਜਦੋਂ ਤੱਕ ਓਟਵਾ ਵੱਲੋਂ ਸਰਹੱਦੀ ਪਾਬੰਦੀਆਂ ਖਤਮ ਨਹੀਂ ਕਰ ਲਈਆਂ ਜਾਂਦੀਆਂ।

ਫੈਡਰਲ ਇਮੀਗ੍ਰੇਸ਼ਨ ਡਿਪਾਰਟਮੈਂਟ ਨੇ ਮੰਗਲਵਾਰ ਨੂੰ ਦੱਸਿਆ ਕਿ ਤਾਜ਼ਾ ਦਿਸ਼ਾ ਨਿਰਦੇਸ਼ਾਂ ਅਨੁਸਾਰ ਉਨ੍ਹਾਂ ਕੌਮਾਂਤਰੀ ਵਿਦਿਆਰਥੀਆਂ ਨੂੰ ਹਾਲ ਦੀ ਘੜੀ ਕੈਨੇਡਾ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ ਜਿਨ੍ਹਾਂ ਨੂੰ 18 ਮਾਰਚ ਨੂੰ ਦੇਸ਼ ਦੀ ਸਰਹੱਦ ਬੰਦ ਕਰਨ ਤੋਂ ਬਾਅਦ ਵੀਜ਼ਾ ਹਾਸਲ ਹੋਇਆ ਹੋਵੇਗਾ। ਉਨ੍ਹਾਂ ਵਿਦਿਆਰਥੀਆਂ ਨੂੰ ਵੀ ਦੇਸ਼ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ ਜਿਨ੍ਹਾਂ ਕੋਲ ਉਸ ਤਰੀਕ ਜਾਂ ਉਸ ਤੋਂ ਪਹਿਲਾਂ ਤੋਂ ਯੋਗ ਸਟਡੀ ਪਰਮਿਟ ਹੋਵੇਗਾ।

ਇਨ੍ਹਾਂ ਨਵੇਂ ਦਿਸ਼ਾ ਨਿਰਦੇਸ਼ਾਂ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਬਹੁਤ ਸਾਰੇ ਕੈਨੇਡੀਅਨ ਕਾਲਜ ਤੇ ਯੂਨੀਵਰਸਿਟੀ ਕੈਂਪਸ ਦੀਆਂ ਲੋਕੇਸ਼ਨਾਂ ਬੰਦ ਹਨ ਤੇ ਕਲਾਸਾਂ ਆਮ ਤੌਰ ਉੱਤੇ ਆਨਲਾਈਨ ਹੀ ਲੱਗ ਰਹੀਆਂ ਹਨ। ਇਸ ਲਈ ਕਿਸੇ ਵਿਦਿਆਰਥੀ ਦੇ ਹਾਲਾਤ ਉੱਤੇ ਹੀ ਟਰੈਵਲ ਸਬੰਧੀ ਫੈਸਲਾ ਨਿਰਭਰ ਕਰੇਗਾ। 2019 ਵਿੱਚ ਪੋਸਟ ਸੈਕੰਡਰੀ ਲੈਵਲ ਉੱਤੇ ਕੈਨੇਡਾ ਵਿੱਚ 650,000 ਕੌਮਾਂਤਰੀ ਵਿਦਿਆਰਥੀ ਪੜ੍ਹ ਰਹੇ ਸਨ। ਇਸ ਸੈਕਟਰ ਨੇ ਕੈਨੇਡੀਅਨ ਅਰਥਚਾਰੇ ਵਿੱਚ 21 ਬਿਲੀਅਨ ਡਾਲਰ ਦਾ ਯੋਗਦਾਨ ਪਾਇਆ।

ਬਹੁਤੇ ਕੌਮਾਂਤਰੀ ਵਿਦਿਆਰਥੀ ਸਾਲ ਦੇ ਅੰਤ ਵਿੱਚ ਹੀ ਕੈਨੇਡਾ ਪਹੁੰਚਦੇ ਹਨ। ਫੈਡਰਲ ਸਰਕਾਰ ਵਿਦਿਆਰਥੀਆਂ ਨੂੰ ਇਹ ਖੁੱਲ੍ਹ ਦੇ ਰਹੀ ਹੈ ਕਿ ਜੇ ਉਹ ਦੇਸ਼ ਤੋਂ ਬਾਹਰ ਰਹਿੰਦਿਆਂ ਹੋਇਆਂ ਵੀ ਆਨਲਾਈਨ ਪੜ੍ਹਾਈ ਜਾਰੀ ਰੱਖਦੇ ਹਨ ਤਾਂ ਵੀ ਉਹ ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ ਲਈ ਯੋਗ ਹੋਣਗੇ। ਜੇ ਕੌਮਾਂਤਰੀ ਵਿਦਿਆਰਥੀਆਂ ਨੇ ਸਟਡੀ ਪਰਮਿਟ ਐਪਲੀਕੇਸ਼ਨ ਜਮ੍ਹਾਂ ਕਰਵਾ ਦਿੱਤੀ ਹੋਵੇਗੀ ਤੇ ਜੇ ਸਰਹੱਦ ਖੁੱਲ੍ਹਣ ਤੱਕ ਉਨ੍ਹਾਂ ਦਾ ਕੈਨੇਡਾ ਵਿੱਚ ਅੱਧਾ ਪ੍ਰੋਗਰਾਮ ਮੁਕੰਮਲ ਹੋ ਗਿਆ ਹੋਵੇਗਾ ਤਾਂ ਉਹ ਵਰਕ ਪਰਮਿਟ ਦੇ ਯੋਗ ਹੋਣਗੇ। ਜ਼ਿਕਰਯੋਗ ਹੈ ਕਿ ਬਹੁਤੇ ਕੌਮਾਂਤਰੀ ਵਿਦਿਆਰਥੀ ਇਸ ਵਰਕ ਪਰਮਿਟ ਨੂੰ ਕੈਨੇਡਾ ਵਿੱਚ ਪਰਮਾਨੈਂਟ ਰੈਜ਼ੀਡੈਂਸ ਲਈ ਆਧਾਰ ਮੰਨਦੇ ਹਨ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

INSURANCE
Home
Business
Life Insurance
Auto
Trucking
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd.
1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

You can Place Your Business Here
(905)793-2202
To Reach Wider Audience

Law Office of Aman Sharma
Real Estate
Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre
Avon Financial Inc.
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets
Completly Furnished
Legal Basement
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
100% Customer Satisfaction
Residential, Commercial
www.ksgpestcontrol.ca
ksgpestcontrol@gmail.com
Amarjeet Singh Gill

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL
416 938 4598







**FRESH & LARGE VARIETY**

**Bread , Derry & Eggs**
**Branded Foods**
**Fruits & Vegetables**
**Beverages & Confectionery**
**Grocery & Staples**
**Sweet & Samosas**

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

# ਐਮਰਜੰਸੀ ਆਰਡਰਜ਼ ਦੇ ਖਿਲਾਫ ਰੋਸ ਮੁਜ਼ਾਹਰਾ ਕਰੇਗੀ ਓਨਟਾਰੀਓ ਹਸਪਤਾਲ ਯੂਨੀਅਨ



ਟੋਰਾਂਟੋ, 21 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਵਿੱਚ ਫਰੰਟ ਲਾਈਨ ਹਾਸਪਿਟਲ ਸਟਾਫ ਵੱਲੋਂ ਪ੍ਰੋਵਿੰਸ ਦੇ ਐਮਰਜੰਸੀ ਆਰਡਰਜ਼ ਵਿੱਚ ਪ੍ਰਸਤਾਵਿਤ ਵਾਧੇ ਖਿਲਾਫ ਸੰਘਰਸ਼ ਕਰਨ ਲਈ ਪੰਜ ਮਿੰਟ ਦਾ ਰੋਸ ਮੁਜ਼ਾਹਰਾ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਓਨਟਾਰੀਓ ਕਾਊਂਸਲ ਆਫ ਹੌਸਪਿਟਲ ਯੂਨੀਅਨਜ਼, ਜੋ ਕਿ ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲਾਇਜ਼ ਦੀ ਡਵੀਜ਼ਨ ਹੈ, ਨੇ ਆਖਿਆ ਕਿ ਉਹ ਨਹੀਂ ਚਾਹੁੰਦੇ ਕਿ ਪ੍ਰੋਵਿੰਸ ਦੇ ਐਮਰਜੰਸੀ ਹੁਕਮਾਂ ਵਿੱਚ ਵਾਧਾ ਹੋਵੇ ਕਿਉਂਕਿ ਇਸ ਨਾਲ ਉਨ੍ਹਾਂ ਦਾ ਸਾਂਝਾ ਬਾਰਗੇਨਿੰਗ ਅਗਰੀਮੈਂਟ ਵੀ ਮੁਲਤਵੀ ਹੋ ਰਿਹਾ ਹੈ।
ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਵੱਲੋਂ ਦੋ ਹਫਤੇ ਪਹਿਲਾਂ ਇੱਕ ਬਿੱਲ ਪੇਸ਼ ਕੀਤਾ ਗਿਆ ਸੀ ਜਿਸ ਨਾਲ ਇਨ੍ਹਾਂ ਮਹੀਨਿਆਂ ਤੋਂ ਅਗਾਂਹ ਵੀ ਐਮਰਜੰਸੀ ਮਾਪਦੰਡ ਜਾਰੀ ਰੱਖਣ ਦੀ ਖੁੱਲ੍ਹ ਉਨ੍ਹਾਂ ਨੂੰ ਮਿਲ ਸਕਦੀ ਹੈ। ਯੂਨੀਅਨ ਦਾ ਕਹਿਣਾ ਹੈ ਕਿ ਸੀਬੀਏ ਲਾਗੂ ਨਾ ਹੋਣ ਕਾਰਨ ਉਨ੍ਹਾਂ ਦੇ ਕੰਮਵਾਲੀ ਥਾਂ ਦੇ ਕੋਈ ਅਧਿਕਾਰ ਨਹੀਂ ਹਨ, ਇੱਥੋਂ ਤੱਕ ਕਿ ਉਨ੍ਹਾਂ ਦੀਆਂ ਸ਼ਿਫਟਾਂ ਦੀਆਂ ਲੋਕੇਸ਼ਨਾਂ ਤੇ ਸਮਾਂ ਬਿਨਾਂ ਕਿਸੇ ਨੋਟਿਸ ਦੇ ਬਦਲੀ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਦੀਆਂ ਛੁੱਟੀਆਂ ਵੀ ਰੱਦ ਕੀਤੀਆਂ ਜਾ ਚੁੱਕੀਆਂ ਹਨ।

ਸ਼ੁੱਕਰਵਾਰ ਨੂੰ ਸੀਯੂਪੀਈ ਹਸਪਤਾਲ ਦੇ ਵਰਕਰ ਓਨਟਾਰੀਓ ਭਰ ਵਿੱਚ ਸ਼ੁੱਕਰਵਾਰ ਨੂੰ ਕੰਮ ਵਾਲੀਆਂ ਥਾਂਵਾਂ ਉਤੇ ਬਿੱਲ 195 ਦੇ ਖਿਲਾਫ ਹੀ ਰੈਲੀਆਂ ਕਰਨਗੇ।

# ਟਰੂਡੋ ਨੂੰ ਗੱਦੀਓ ਲਾਹੁਣ ਦਾ ਕੋਈ ਇਰਾਦਾ ਨਹੀ ਪਰ ਲਿਬਰਲ ਐਮਪੀ ਖੁਦ ਅਜਿਹਾ ਕਰ ਸਕਦੇ ਹਨ : ਸ਼ੀਅਰ

ਓਟਵਾ, 21 ਜੁਲਾਈ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਸਬੰਧੀ ਸਰਕਾਰ ਵੱਲੋਂ ਕੀਤੇ ਗਏ ਕੰਮਾਂ ਦੇ ਸਬੰਧ ਵਿੱਚ ਲਿਬਰਲਾਂ ਨੂੰ ਜਨਤਾ ਦਾ ਪੂਰਾ ਸਾਥ ਮਿਲ ਰਿਹਾ ਹੈ ਪਰ ਟਰੂਡੋ ਦੇ ਹੱਥੋਂ ਹੁਣ ਇਹ ਸਮਰਥਨ ਰੇਤ ਵਾਂਗੂ ਕਿਰਦਾ ਨਜ਼ਰ ਆ ਰਿਹਾ ਹੈ। ਅਜਿਹਾ ਲਿਬਰਲ ਸਰਕਾਰ ਦੇ ਵੂਈ ਚੈਰਿਟੀ ਦੇ ਐਥਿਕਸ ਸਕੈਂਡਲ ਵਿੱਚ ਫਸ ਜਾਣ ਕਾਰਨ ਹੋ ਰਿਹਾ ਹੈ।



ਕਲ੍ਹ ਐਬੇਕਸ ਡਾਟਾ ਪੋਲ ਵੱਲੋਂ ਜਾਰੀ ਨਵੇਂ ਸਰਵੇਖਣ ਦੀ ਰਿਪੋਰਟ ਮੁਤਾਬਕ ਇਸ ਸਰਵੇਖਣ ਵਿੱਚ ਹਿਸਾ ਲੈਣ ਵਾਲੇ 36 ਫੀ ਸਦੀ ਲੋਕਾਂ ਨੇ ਆਖਿਆ ਕਿ ਜੇ ਸਵੇਰੇ ਚੋਣਾਂ ਹੁੰਦੀਆਂ ਹਨ ਤਾਂ ਉਹ ਲਿਬਰਲਾਂ ਨੂੰ ਵੋਟ ਪਾਉਣਗੇ। ਇਸ ਮਾਮਲੇ ਵਿੱਚ ਲਿਬਰਲ ਕੰਜ਼ਰਵੇਟਿਵਾਂ ਨਾਲੋਂ ਪੰਜ ਅੰਕਾਂ ਦੀ ਲੀਡ ਲੈ ਕੇ ਚੱਲ ਰਹੇ ਹਨ। ਪਰ ਜੂਨ ਦੇ ਅੰਤ ਵਿੱਚ ਕਰਵਾਏ ਗਏ ਇਸ ਤਰ੍ਹਾਂ ਦੇ ਸਰਵੇਖਣ ਤੋਂ ਲਿਬਰਲ 4 ਫੀ ਸਦੀ ਅੰਕਾਂ ਨਾਲ ਪਿੱਛੇ ਹਨ।

ਪ੍ਰਧਾਨ ਮੰਤਰੀ ਦੇ ਤਾਜ਼ਾ ਐਥੀਕਲ ਸਕੈਂਡਲ ਵਿੱਚ ਫਸ ਜਾਣ ਕਾਰਨ ਲਿਬਰਲ ਸਰਕਾਰ ਨੂੰ ਤਕੜੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵੂਈ ਚੈਰਿਟੀ ਨੂੰ ਸਟੂਡੈਂਟ ਗ੍ਰਾਂਟ ਪ੍ਰੋਗਰਾਮ ਦੇਣ ਸਬੰਧੀ ਸਰਕਾਰ ਦੇ ਫੈਸਲੇ ਕਾਰਨ ਮਹੀਨੇ ਦੇ ਸ਼ੁਰੂ ਤੋਂ ਹੀ ਸਰਕਾਰ ਨੂੰ ਕਾਫੀ ਨੁਕਤਾਚੀਨੀ ਸਹਿਣੀ ਪੈ ਰਹੀ ਹੈ। ਵੂਈ ਚੈਰਿਟੀ ਲਈ ਟਰੂਡੋ ਦੀ ਮਾਤਾ, ਪਤਨੀ ਤੇ ਭਰਾ ਵੱਲੋਂ ਕਈ ਈਵੈਂਟਸ ਵਿੱਚ ਹਿੱਸਾ ਲੈਣ ਬਦਲੇ ਉਨ੍ਹਾਂ ਨੂੰ 282,000 ਡਾਲਰ ਦੀ ਰਕਮ ਹਾਸਲ ਹੋਣ ਦੀ ਜਾਣਕਾਰੀ ਦੇ ਬਾਵਜੂਦ ਟਰੂਡੋ ਵੱਲੋਂ ਇਹ ਕਾਂਟਰੈਕਟ ਵੂਈ ਚੈਰਿਟੀ ਨੂੰ ਦੇਣ ਦੇ ਫੈਸਲੇ ਵਿੱਚ ਪ੍ਰਧਾਨ ਮੰਤਰੀ ਦੀ ਰਜ਼ਾਮੰਦੀ ਸ਼ਾਮਲ ਹੋਣ ਦਾ ਪਤਾ ਲੱਗਣ ਤੋਂ ਬਾਅਦ ਭਾਵੇਂ ਇਹ ਡੀਲ ਕੈਂਸਲ ਹੋ ਚੁੱਕੀ ਹੈ ਪਰ ਇਸ ਦਾ ਸੇਕ ਅਜੇ ਵੀ ਲਿਬਰਲ ਪਾਰਟੀ ਨੂੰ ਬਰਦਾਸ਼ਤ ਕਰਨਾ ਪੈ ਰਿਹਾ ਹੈ।

ਟਰੂਡੋ ਤੇ ਵਿੱਤ ਮੰਤਰੀ ਬਿੱਲ ਮੌਰਨਿਊ, ਜਿਨ੍ਹਾਂ ਦੀ ਧੀ ਇਸ ਗਰੁੱਪ ਲਈ ਕੰਮ ਕਰਦੀ ਹੈ, ਵੱਲੋਂ ਪਿਛਲੇ ਹਫਤੇ ਖੁਦ ਨੂੰ ਇਸ ਡੀਲ ਸਬੰਧੀ ਫੈਸਲੇ ਵਿੱਚ ਸ਼ਾਮਲ ਹੋਣ ਤੋਂ ਨਾ ਰੋਕ ਪਾਉਣ ਉੱਤੇ ਮੁਆਫੀ ਵੀ ਮੰਗੀ ਗਈ ਹੈ। ਪਰ ਇਸ ਮਾਮਲੇ ਵਿੱਚ ਸ਼ਮੂਲੀਅਤ ਕਾਰਨ ਹੁਣ ਦੋਵਾਂ ਆਗੂਆਂ ਦੀ ਪੁੱਛਗਿੱਛ ਫੈਡਰਲ ਐਥਿਕਸ ਕਮਿਸ਼ਨਰ ਮਾਰੀਓ ਡਿਓਨ ਵੱਲੋਂ ਕੀਤੀ ਜਾਵੇਗੀ।

ਇੱਥੇ ਦੱਸਣਾ ਬਣਦਾ ਹੈ ਕਿ ਘੱਟਗਿਣਤੀ ਸਰਕਾਰ ਹੋਣ ਕਾਰਨ ਜੇ ਲਿਬਰਲ ਹਾਊਸ ਆਫ ਕਾਮਨਜ਼ ਦਾ ਭਰੋਸਾ ਬਰਕਰਾਰ ਨਹੀ ਰੱਖ ਸਕਦੇ ਤਾਂ ਜਲਦੀ ਚੋਣਾਂ ਹੋਣ ਦੀ ਸੰਭਾਵਨਾ ਵੀ ਬਣ ਸਕਦੀ ਹੈ। ਅਹੁਦਾ ਛੱਡ ਰਹੇ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਨੇ ਆਖਿਆ ਕਿ ਟਰੂਡੋ ਦੇ ਪੈਰ ਉਖਾੜਨ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਪਰ ਇਸ ਦਾ ਇਹ ਮਤਲਬ ਨਹੀਂ ਕਿ ਕੋਈ ਹੋਰ ਵੀ ਅਜਿਹਾ ਨਹੀਂ ਕਰੇਗਾ। ਉਨ੍ਹਾਂ ਆਖਿਆ ਕਿ ਹੋ ਸਕਦਾ ਹੈ ਲਿਬਰਲ ਐਮਪੀਜ਼ ਹੀ ਸਹੀ ਕੰਮ ਕਰਨ ਤੇ ਪਾਰਟੀ ਤੇ ਦੇਸ਼ ਦੀ ਅਗਵਾਈ ਲਈ ਕੋਈ ਹੋਰ ਆਗੂ ਚੁਣ ਲੈਣ।

# ਮਾਰਟਿਨ ਕਾਰਪੇਂਟੀਅਰ ਦੀ ਲਾਸ਼ ਮਿਲੀ : ਪੁਲਿਸ

ਮਾਂਟਰੀਅਲ, 21 ਜੁਲਾਈ (ਪੋਸਟ ਬਿਊਰੋ) : ਕਿਊਬਿਕ ਦੀ ਪ੍ਰੋਵਿੰਸ਼ੀਅਲ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇੱਕ ਵਿਅਕਤੀ ਦੀ ਲਾਸ਼ ਮਿਲੀ ਹੈ,ਜੋ ਕਿ ਮਾਰਟਿਨ ਕਾਰਪੇਂਟੀਅਰ ਦੀ ਹੀ ਲੱਗਦੀ ਹੈ। ਮਾਰਟਿਨ ਕਾਰਪੇਂਟੀਅਰ ਉਹ ਸ਼ਖਸ ਹੈ ਜਿਸ ਉੱਤੇ ਆਪਣੀਆਂ ਦੋਵਾਂ ਧੀਆਂ ਨੂੰ ਅਗਵਾ ਕਰਨ ਦਾ ਦੋਸ਼ ਸੀ ਤੇ ਜਿਨ੍ਹਾਂ ਦੀਆਂ ਲਾਸ਼ਾਂ ਦੋ ਹਫਤੇ ਪਹਿਲਾਂ ਮਿਲ ਗਈਆਂ ਸਨ ਅਤੇ ਪੁਲਿਸ ਵੱਲੋਂ ਉਸ ਦੀ ਭਾਲ ਪਿਛਲੇ ਕੁੱਝ ਦਿਨਾਂ ਤੋਂ ਕੀਤੀ ਜਾ ਰਹੀ ਸੀ।



ਟਵਿਟਰ ਉੱਤੇ ਕੀਤੇ ਗਏ ਐਲਾਨ ਵਿੱਚ ਪੁਲਿਸ ਨੇ ਆਖਿਆ ਕਿ ਇਹ ਵੀ ਸੰਕੇਤ ਮਿਲੇ ਹਨ ਕਿ ਕਾਰਪੇਂਟੀਅਰ ਨੇ ਖੁਦਕੁਸ਼ੀ ਕੀਤੀ ਹੈ। ਸੁਰੇਤੇ ਡੂ ਕਿਊਬਿਕ ਨੇ ਟਵੀਟ ਕਰਕੇ ਆਖਿਆ ਕਿ ਇੱਕ ਵਿਅਕਤੀ ਨੇ ਉਨ੍ਹਾਂ ਨੂੰ ਦੱਸਿਆ ਕਿ ਉਸ ਨੂੰ ਸ਼ਾਮੀਂ 7:00 ਵਜੇ ਦੇ ਨੇੜੇ ਤੇੜੇ ਸੇਂਟ-ਐਪੋਲਿਨੇਅਰ ਵਿੱਚ ਇੱਕ ਵਿਅਕਤੀ ਦੀ ਲਾਸ਼ ਮਿਲੀ ਹੈ। ਉਨ੍ਹਾਂ ਆਖਿਆ ਕਿ ਸਾਰੇ ਸੰਕੇਤਾਂ ਤੋਂ ਇਹੋ ਲੱਗ ਰਿਹਾ ਹੈ ਕਿ ਇਹ ਲਾਸ਼ ਕਾਰਪੇਂਟੀਅਰ ਦੀ ਹੀ ਹੈ। ਮੁੱਢਲੀ ਜਾਂਚ ਅਨੁਸਾਰ ਉਸ ਨੇ ਖੁਦਕੁਸ਼ੀ ਹੀ ਕੀਤੀ ਲੱਗਦੀ ਹੈ। ਪੁਲਿਸ ਨੇ ਇਹ ਵੀ ਆਖਿਆ ਕਿ ਇਸ ਮੌਕੇ ਉਹ ਹੋਰ ਬਿਆਨ ਜਾਰੀ ਨਹੀਂ ਕਰ ਸਕਦੇ।

44 ਸਾਲਾ ਕਾਰਪੇਂਟੀਅਰ ਦੀ ਭਾਲ ਉਸ ਸਮੇਂ ਤੋਂ ਚੱਲ ਰਹੀ ਹੈ ਜਦੋਂ ਉਹ 8 ਜੁਲਾਈ ਨੂੰ ਆਪਣੀਆਂ 11 ਤੇ 6 ਸਾਲ ਦੀਆਂ ਦੋ ਧੀਆਂ ਨੌਰਾਹ ਤੇ ਰੋਮੀ ਨੂੰ ਲੈ ਕੇ ਲਾਪਤਾ ਹੋ ਗਿਆ ਸੀ। ਇਨ੍ਹਾਂ ਦੋਵਾਂ ਬੱਚੀਆਂ ਦੀਆਂ ਲਾਸ਼ਾਂ 11 ਜੁਲਾਈ ਨੂੰ ਇਸੇ ਜੰਗਲੀ ਇਲਾਕੇ ਵਿੱਚੋਂ ਮਿਲੀਆਂ ਸਨ, ਜਿੱਥੋਂ ਇਸ ਵਿਅਕਤੀ ਦੀ ਲਾਸ਼ ਮਿਲੀ ਹੈ। ਬੱਚੀਆਂ ਦੀਆਂ ਅੰਤਿਮ ਰਸਮਾਂ ਅੱਜ ਲੇਵਿਸ ਵਿੱਚ ਨਿਭਾਈਆਂ ਗਈਆਂ। ਪੁਲਿਸ ਦੋ ਹਫਤਿਆਂ ਤੋਂ ਕਾਰਪੇਂਟੀਅਰ ਦੀ ਭਾਲ ਵਿੱਚ ਇਸ 50 ਸਕੁਏਅਰ ਕਿਲੋਮੀਟਰ ਦੇ ਇਲਾਕੇ ਨੂੰ ਛਾਣ ਰਹੀ ਸੀ।

# ਓਨਟਾਰੀਓ ਵਿੱਚ ਕੋਵਿਡ-19 ਮਾਮਲਿਆਂ ਵਿੱਚ ਆਈ ਤੇਜ਼ੀ



ਟੋਰਾਂਟੋ, 21 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਵਿੱਚ ਇੱਕ ਵਾਰੀ ਫਿਰ ਕੋਵਿਡ-19 ਮਾਮਲਿਆਂ ਵਿੱਚ ਤੇਜ਼ੀ ਵੇਖਣ ਨੂੰ ਮਿਲ ਰਹੀ ਹੈ।

ਜੂਨ ਦੇ ਅੰਤ ਤੋਂ ਲੈ ਕੇ ਹੁਣ ਤੱਕ ਕੋਵਿਡ-19 ਦੇ ਮਾਮਲਿਆਂ ਵਿੱਚ ਹੌਲੀ ਹੌਲੀ ਕਾਫੀ ਕਮੀ ਆ ਗਈ ਸੀ। ਪਰ ਮੰਗਲਵਾਰ ਸਵੇਰੇ ਕੋਵਿਡ-19 ਦੇ 203 ਨਵੇਂ ਮਾਮਲੇ ਸਾਹਮਣੇ ਆਉਣ ਨਾਲ ਪ੍ਰੋਵਿੰਸ ਵਿੱਚ ਹੁਣ ਤੱਕ ਕਰੋਨਾਵਾਇਰਸ ਦੇ ਕੁੱਲ ਮਾਮਲਿਆਂ ਦੀ ਗਿਣਤੀ 37,942 ਤੱਕ ਅੱਪੜ ਗਈ।

ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਮੰਗਲਵਾਰ ਸਵੇਰੇ ਟਵੀਟ ਕਰਕੇ ਇਸ ਵਾਧੇ ਨੂੰ ਚਿੰਤਾਜਨਕ ਦੱਸਿਆ। ਐਲੀਅਟ ਨੇ ਦੱਸਿਆ ਕਿ 203 ਨਵੇਂ ਮਾਮਲਿਆਂ ਵਿੱਚ 116 ਲੋਕ 39 ਸਾਲ ਜਾਂ ਇਸ ਉਮਰ ਵਰਗ ਤੋਂ ਘਟ ਦੇ ਹਨ। ਇਹ ਰੁਝਾਨ ਪਿਛਲੇ ਹਫਤੇ ਤੋਂ ਜਾਰੀ ਹੈ। ਐਲੀਅਟ ਨੇ ਆਖਿਆ ਕਿ ਸਾਰੇ ਉਮਰਵਰਗ ਦੇ ਓਨਟਾਰੀਓ ਵਾਸੀਆਂ ਨੂੰ ਸਿਹਤ ਸਬੰਧੀ ਜਨਤਕ ਦਿਸ਼ਾ ਨਿਰਦੇਸ਼ਾਂ ਨੂੰ ਮੰਨਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ 10 ਤੋਂ ਵੱਧ ਲੋਕਾਂ ਨੂੰ ਇੱਕਠਾ ਨਹੀਂ ਹੋਣਾ ਚਾਹੀਦਾ, ਫਿਜ਼ੀਕਲ ਡਿਸਟੈਂਸਿੰਗ ਬਰਕਰਾਰ ਰੱਖਣੀ ਚਾਹੀਦੀ ਹੈ ਤੇ ਫੇਸ ਮਾਸਕ ਪਾਉਣਾ ਚਾਹੀਦਾ ਹੈ।

ਪ੍ਰੀਮੀਅਰ ਡੱਗ ਫੋਰਡ ਵੀ ਇਹ ਆਖ ਚੁੱਕੇ ਹਨ ਕਿ ਨੌਜਵਾਨਾਂ ਵਿੱਚ ਕੋਵਿਡ-19 ਦੇ ਵੱਧ ਰਹੇ ਮਾਮਲੇ ਚਿੰਤਾਜਨਕ ਹਨ। ਉਨ੍ਹਾਂ ਇਹ ਵੀ ਆਖਿਆ ਕਿ ਭਾਵੇਂ ਨੌਜਵਾਨਾਂ ਨੂੰ ਇਹ ਲੱਗਦਾ ਹੋਵੇ ਕਿ ਉਨ੍ਹਾਂ ਨੂੰ ਇਸ ਨਾਲ ਕੁੱਝ ਨਹੀਂ ਹੋਣ ਵਾਲਾ ਪਰ ਉਨ੍ਹਾਂ ਨੂੰ ਆਪਣੇ ਮਾਪਿਆਂ ਤੇ ਰਿਸ਼ਤੇਦਾਰਾਂ ਦਾ ਖਿਆਲ ਜ਼ਰੂਰ ਮਨ ਵਿੱਚ ਰੱਖਣਾ ਚਾਹੀਦਾ ਹੈ ਤੇ ਸਾਰੇ ਨਿਯਮਾਂ ਦਾ ਪਾਲਣ ਕਰਨਾ ਚਾਹੀਦਾ ਹੈ।

# ਕਾਮਨਜ਼ ਕਮੇਟੀ ਸਾਹਮਣੇ ਪੇਸ਼ ਹੋਣਗੇ ਮੌਰਨਿਊ



ਓਟਵਾ, 21 ਜੁਲਾਈ (ਪੋਸਟ ਬਿਊਰੋ) : ਵੂਈ ਚੈਰਿਟੀ ਨੂੰ 912 ਮਿਲੀਅਨ ਡਾਲਰ ਦੇ ਸਟੂਡੈਂਟ ਗ੍ਰਾਂਟ ਪ੍ਰੋਗਰਾਮ ਨੂੰ ਨੇਪਰੇ ਚੜ੍ਹਾਉਣ ਦੀ ਦਿੱਤੀ ਡੀਲ ਦੇ ਵਿਵਾਦਗ੍ਰਸਤ ਫੈਸਲੇ ਕਾਰਨ ਚੱਲ ਰਹੀ ਜਾਂਚ ਦੇ ਸਬੰਧ ਵਿੱਚ ਵਿੱਤ ਮੰਤਰੀ ਬਿੱਲ ਮੌਰਨਿਊ ਹਾਊਸ ਆਫ ਕਾਮਨਜ਼ ਦੀ ਵਿੱਤ ਕਮੇਟੀ ਸਾਹਮਣੇ ਪੇਸ਼ ਹੋ ਕੇ ਆਪਣਾ ਪੱਖ ਰੱਖਣਗੇ। ਮੌਰਨਿਊ ਬੁੱਧਵਾਰ ਨੂੰ ਕਮੇਟੀ ਸਾਹਮਣੇ ਪੇਸ਼ ਹੋਣਗੇ। ਇਸ ਦੌਰਾਨ ਕਮੇਟੀ ਵਿੱਚ ਸ਼ਾਮਲ ਐਮਪੀਜ਼ ਵੱਲੋਂ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ ਮੌਰਨਿਊ ਨੂੰ ਦੇਣੇ ਹੋਣਗੇ। ਚੈਰਿਟੀ ਨਾਲ ਮੌਰਨਿਊ ਦੀ ਧੀ ਦੇ ਕੰਮ ਕਰਨ ਕਾਰਨ ਕੌਨਫਲਿਕਟ ਆਫ ਇੰਟਰਸਟ (conflict of interest) ਅਤੇ ਇਸ ਪ੍ਰੋਗਰਾਮ ਨੂੰ ਤਿਆਰ ਕਰਨ ਵਿੱਚ ਉਨ੍ਹਾਂ ਦੇ ਵਿਭਾਗ ਤੇ ਹੋਰਨਾਂ ਅਧਿਕਾਰੀਆਂ ਨੇ ਕੀ ਭੂਮਿਕਾ ਨਿਭਾਈ, ਇਸ ਮੁੱਦੇ ਦੇ ਮੱਦੇਨਜ਼ਰ ਮੌਰਨਿਊ ਤੋਂ ਕਮੇਟੀ ਵੱਲੋਂ ਪੁੱਛਗਿੱਛ ਹੋ ਸਕਦੀ ਹੈ।

25 ਜੂਨ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਲਾਨ ਕੀਤਾ ਸੀ ਕਿ ਸਟੂਡੈਂਟ ਗ੍ਰਾਂਟ ਕਮਿਸ਼ਨ ਪ੍ਰੋਗਰਾਮ ਵੂਈ ਚੈਰਿਟੀ ਚਲਾਵੇਗੀ। ਸਰਕਾਰ ਵੱਲੋਂ ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ 500 ਘੰਟਿਆਂ ਦੇ ਕੰਮ ਬਦਲੇ 5000 ਡਾਲਰ ਦੀ ਮਦਦ ਦੇਣ ਲਈ ਤੇ ਦੇਸ਼ ਭਰ ਵਿੱਚ ਵਾਲੰਟੀਅਰ ਮੌਕੇ ਮੁਹੱਈਆ ਕਰਵਾਉਣ ਲਈ ਲਿਆਂਦਾ ਜਾਣਾ ਸੀ। ਭਾਵੇਂ ਵੂਈ ਚੈਰਿਟੀ ਇਸ ਪ੍ਰੋਗਰਾਮ ਤੋਂ ਪਾਸੇ ਹੋ ਚੁੱਕੀ ਹੈ ਪਰ ਟਰੂਡੋ ਤੇ ਮੌਰਨਿਊ ਦੇ ਇਸ ਸੰਸਥਾ ਨਾਲ ਨੇੜਲੇ ਸਬੰਧਾਂ ਦੇ ਚੱਲਦਿਆਂ ਕਈ ਸਵਾਲ ਖੜ੍ਹੇ ਹੋ ਗਏ ਹਨ ਜਿਨ੍ਹਾਂ ਬਾਰੇ ਜਾਂਚ ਸ਼ੁਰੂ ਕਰਵਾਈ ਗਈ ਹੈ।

# ਫੈਡਰਲ ਸਰਕਾਰ ਕਾਇਮ ਕਰ ਰਹੀ ਹੈ ਨਵਾਂ ਪੀਪੀਈ ਰਿਜ਼ਰਵ

ਓਟਵਾ, 21 ਜੁਲਾਈ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਨਵਾਂ ਪਰਸਨਲ ਪ੍ਰੋਟੈਕਟਿਵ ਇਕਿਊਪਮੈਂਟ (ਪੀਪੀਈ) ਰਿਜ਼ਰਵ ਕਾਇਮ ਕੀਤਾ ਜਾ ਰਿਹਾ ਹੈ ਜਿੱਥੇ ਜ਼ਰੂਰੀ ਸੇਵਾਵਾਂ ਨਾਲ ਜੁੜੇ ਲੋਕ ਡਿਸਇਨਫੈਕਟੈਂਟ ਵਾਈਪਜ਼ (disinfectant wipes) ਤੇ ਨੌਨ ਮੈਡੀਕਲ ਮਾਸਕ ਆਦਿ ਖਰੀਦ ਸਕਣਗੇ।



ਪਬਲਿਕ ਸਰਵਿਸਿਜ਼ ਐਂਡ ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਦੇ ਆਫਿਸ ਦੇ ਬੁਲਾਰੇ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਦ ਅਸੈਂਸ਼ੀਅਲ ਸਰਵਿਸਿਜ਼ ਕੌਂਟਿਨਜੈਂਸੀ ਰਿਜ਼ਰਵ (The Essential Services Contingency Reserve) ਆਉਣ ਵਾਲੇ ਕੁੱਝ ਹਫਤਿਆਂ ਵਿੱਚ ਹੀ ਸ਼ੁਰੂ ਹੋ ਜਾਵੇਗਾ। ਅਨੀਤਾ ਆਨੰਦ ਵੱਲੋਂ ਮੰਗਲਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਵਿੱਚ ਇਸ ਰਿਜ਼ਰਵ ਨੂੰ ਕਾਇਮ ਕਰਨ ਦਾ ਐਲਾਨ ਕੀਤਾ ਗਿਆ। ਉਨ੍ਹਾਂ ਆਖਿਆ ਕਿ ਇਹ ਲੋੜੀਂਦੀਆਂ ਸਪਲਾਈਜ਼ ਤੇ ਇਕਿਊਪਮੈਂਟ ਲਈ ਆਰਜ਼ੀ ਰਿਜ਼ਰਵ ਹੈ ਜਿਸ ਨੂੰ ਅਸੈਂਸ਼ੀਅਲ ਸਰਵਿਸਿਜ਼ ਸੈਕਟਰ ਕਿਤੇ ਹੋਰ ਉਪਲਬਧ ਨਾ ਹੋਣ ਦੀ ਸੂਰਤ ਵਿੱਚ ਇੱਥੋਂ ਖਰੀਦ ਸਕਣਗੇ। ਹਾਲਾਂਕਿ ਪੀਪੀਈ ਸਾਜ਼ੋ ਸਮਾਨ ਪਹਿਲਾਂ ਹੀ ਫਰੰਟ ਲਾਈਨ ਹੈਲਥ ਕੇਅਰ ਵਰਕਰਜ਼ ਨੂੰ ਮੁਹੱਈਆ ਕਰਵਾਇਆ ਜਾ ਰਿਹ ਹੈ ਤੇ ਇਹ ਤਾਜ਼ਾ ਸਪਲਾਈ ਹੈਲਥ ਕੇਅਰ ਸਿਸਟਮ ਤੋਂ ਵੀ ਅੱਗੇ ਲੋੜੀਂਦੀਆਂ ਸੇਵਾਵਾਂ ਦੇਣ ਵਾਲਿਆਂ ਨੂੰ ਮੁਹੱਈਆ ਕਰਵਾਏ ਜਾਣ ਉੱਤੇ ਕੇਂਦਰਿਤ ਹੈ। ਗਰੌਸਰੀ ਸਟੋਰਜ਼, ਫਾਰਮੇਸੀਜ਼ ਐਂਡ ਮੇਨਟੇਨੈਂਸ ਤੋਂ ਇਲਾਵਾ ਹੋਰ ਸੇਵਾਵਾਂ ਵਿੱਚ ਸ਼ਾਮਲ ਲੋਕ ਵੀ ਇਹ ਸਪਲਾਈ ਲੈ ਸਕਣਗੇ।

ਇਹ ਆਰਗੇਨਾਈਜ਼ੇਸ਼ਨ ਤੇ ਐਸੋਸਿਏਸ਼ਨਜ਼ ਆਨਲਾਈਨ ਅਪਲਾਈ ਕਰ ਸਕਦੀਆਂ ਹਨ ਤੇ ਜੇ ਉਨ੍ਹਾਂ ਨੂੰ ਯੋਗ ਪਾਇਆ ਜਾਂਦਾ ਹੈ ਤਾਂ ਉਹ ਕੀਮਤ ਅਦਾ ਕਰਕੇ ਪੀਪੀਈ ਖਰੀਦ ਸਕਦੀਆਂ ਹਨ। ਇਸ ਰਿਜ਼ਰਵ ਵਿੱਚ ਪੀਪੀਈ, ਕੇਐਨ95 ਰੈਸਪੀਰੇਟਰਜ਼, ਸਰਜੀਕਲ ਮਾਸਕਸ, ਨੌਨ ਮੈਡੀਕਲ ਕੱਪੜੇ, ਡਿਸਪੋਜ਼ੇਬਲ ਮਾਸਕਸ, ਗਾਊਨਜ਼, ਫੇਸ ਸ਼ੀਲਡਜ਼, ਹੈਂਡ ਸੈਨੇਟਾਈਜ਼ਰ, ਡਿਸਇਨਫੈਕਟੈਂਟ ਵਾਈਪਜ਼ ਤੇ ਗਲਵਜ਼ ਆਦਿ ਸ਼ਾਮਲ ਹਨ।

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
Lic#10584
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE?
WE'LL ARANGE IT FOR YOU
NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd,
#201, Etobicoke, ON M9W 6N5
Jaspal Singh Gahunia
#M08006400
416.677.0047

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca



## ਅੱਜ ਨਾਮਾ

ਪਿਛਲੀ ਚੱਲ ਰਹੀ ਜਦੋਂ ਸਰਕਾਰ ਸੀ ਗੀ,
ਸਰਕਾਰੀ ਠੱਗੀ ਦਾ ਕੰਮ ਸੀ ਆਮ ਬੇਲੀ।
ਬੁਢਾਪਾ ਪੈਨਸ਼ਨ ਜਵਾਨਾਂ ਦੀ ਲੱਗਦੀ ਸੀ,
ਹੋਇਆ ਜਾਅਲੀ ਸੀ ਕੰਮ ਤਮਾਮ ਬੇਲੀ।
ਵਿਧਵਾ ਪੈਨਸ਼ਨਾਂ ਲਈਆਂ ਕੁਆਰੀਆਂ ਨੇ,
ਕਮਾ ਲਏ ਅਫਸਰਾਂ ਨੇ ਨਾਲੇ ਦਾਮ ਬੇਲੀ।
ਨਵੇਂ-ਨਰੋਏ ਵੀ ਲੈਂਦੇ ਸੀ ਰਹੇ ਪੈਨਸ਼ਨ,
ਕਹਿ ਕੇ ਕੰਨ ਬੋਲੇ ਹੱਡੀਆਂ ਜਾਮ ਬੇਲੀ।
ਸੁਣਿਆ ਹੋਣੀ ਰਿਕਵਰੀ ਹੈ ਸਾਰਿਆਂ ਤੋਂ,
ਭਾਜੜ ਜਿਹੀ ਤੇ ਪਿੰਡਾਂ ਵਿੱਚ ਪਊ ਬੇਲੀ।
ਅਗਲੀ ਗੱਲ ਨਾ ਕਹਿਣ ਦੀ ਲੋੜ ਬਾਕੀ,
ਲਾਹਾ ਭਾਜੜ ਦਾ ਕੌਣ ਫਿਰ ਲਊ ਬੇਲੀ।

ਤੀਸ ਮਾਰ ਖਾਂ

# ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਚੀਫ ਪ੍ਰਿੰਸੀਪਲ ਸੈਕਟਰੀ ਸੁਰੇਸ਼ ਕੁਮਾਰ ਵੱਲੋਂ ਅਸਤੀਫਾ

### * ਸਰਕਾਰੀ ਅਧਿਕਾਰੀਆਂ ਦੀ ਧੜੇਬਾਜ਼ੀ ਤੋਂ ਨਾਰਾਜ਼ਗੀ ਕਾਰਨ ਬਣੀ

ਚੰਡੀਗੜ੍ਹ, 21 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਰਕਾਰੀ ਅਫਸਰਾਂ ਵਿਚਾਲੇ ਸਾਰੇ ਤਾਲਮੇਲ ਦੀ ਕੜੀ ਗਿਣੇ ਜਾਂਦੇ ਚੀਫ ਪ੍ਰਿੰਸੀਪਲ ਸੈਕਟਰੀ ਸੁਰੇਸ਼ ਕੁਮਾਰ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੇ ਅੱਜ ਮੰਗਲਵਾਰ ਨੂੰ ਮੁੱਖ ਮੰਤਰੀ ਨੂੰ ਆਪਣਾ ਅਸਤੀਫਾ ਭੇਜ ਦਿੱਤਾ ਹੈ।

ਪਤਾ ਲੱਗਾ ਹੈ ਕਿ ਪਿਛਲੇ ਕੁਝ ਸਮੇਂ ਦੌਰਾਨ ਸਰਕਾਰੀ ਪੱਧਰ ਉੱਤੇ ਅਫਸਰਾਂ ਦੀ ਵੱਡੀ ਅਦਲਾ-ਬਦਲੀ ਦੇ ਕਾਰਨ ਸੁਰੇਸ਼ ਕੁਮਾਰ ਕੁਝ ਅਣਸੁਖਾਵਾਂ ਮਹਿਸੂਸ ਕਰ ਰਹੇ ਸਨ ਤੇ ਇਹ ਵੀ ਚਰਚਾ ਹੈ ਕਿ ਜਿਹੜੀਆਂ ਸਰਕਾਰੀ ਫਾਈਲਾਂ ਇਸ ਤੋਂ ਪਹਿਲਾਂ ਉਨ੍ਹਾਂ ਕੋਲ ਆਉਂਦੀਆਂ ਸਨ, ਉਹ ਅੱਜਕੱਲ੍ਹ ਨਹੀਂ ਆ ਰਹੀਆਂ ਸਨ, ਇਸ ਲਈ ਉਨ੍ਹਾਂ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਅਸਤੀਫਾ ਦੇਣ ਦੇ ਨਾਲ ਹੀ ਸੁਰੇਸ਼ ਕੁਮਾਰ ਨੇ ਆਪਣੇ ਨਾਲ ਲੱਗੇ ਹੋਏ ਸਾਰੇ ਸਰਕਾਰੀ ਸਟਾਫ਼ ਅਤੇ ਸੁਰੱਖਿਆ ਅਧਿਕਾਰੀ ਵੀ ਆਪੋ-ਆਪਣੇ ਵਿਭਾਗਾਂ ਨੂੰ ਵਾਪਸ ਕਰ ਦਿੱਤੇ ਹਨ।

ਵਰਨਣ ਯੋਗ ਹੈ ਕਿ ਸੁਰੇਸ਼ ਕੁਮਾਰ ਨੇ ਇਸ ਤੋਂ ਪਹਿਲਾਂ ਵੀ ਇਕ ਵਾਰ ਅਸਤੀਫਾ ਦਿੱਤਾ ਸੀ ਅਤੇ ਓਦੋਂ ਉਨ੍ਹਾਂ ਦੇ ਅਸਤੀਫੇ ਦਾ ਮੁੱਦਾ ਬਹੁਤ ਭਖਿਆ ਸੀ। ਅਸਲ ਵਿੱਚ ਸੁਰੇਸ਼ ਕੁਮਾਰ ਪੰਜਾਬ ਦੇ ਚੀਫ ਸੈਕਟਰੀ ਵਜੋਂ ਰਿਟਾਇਰ ਹੋਏ ਸਨ ਤੇ ਬਾਅਦ ਵਿੱਚ ਸਰਕਾਰ ਬਦਲ ਜਾਣ ਉੱਤੇ ਨਵੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਨੂੰ ਪ੍ਰਿੰਸੀਪਲ ਚੀਫ ਸੈਕਟਰੀ ਨਿਯੁਕਤ ਕੀਤਾ ਸੀ, ਜਿਸ ਪਿੱਛੋਂ ਇਸ ਨਿਯੁਕਤੀ ਨੂੰ ਅਦਾਲਤ ਵਿਚ



ਚੁਣੌਤੀ ਦੇ ਦਿੱਤੀ ਗਈ ਸੀ। ਕੁਝ ਸਮਾਂ ਪਿੱਛੋਂ ਅਦਾਲਤ ਦਾ ਫੈਸਲਾ ਇਸ ਨਿਯੁਕਤੀ ਦੇ ਖਿਲਾਫ ਆ ਗਿਆ ਤਾਂ ਸੁਰੇਸ਼ ਕੁਮਾਰ ਨੇ ਇਸ ਪ੍ਰਭਾਵ ਹੇਠ ਅਸਤੀਫਾ ਦੇ ਦਿੱਤਾ ਸੀ ਕਿ ਉਨ੍ਹਾਂ ਦੀ ਨਿਯੁਕਤੀ ਨੂੰ ਚੈਲਿੰਜ ਕਰਨ ਵਿਰੁੱਧ ਕੇਸ ਅਦਾਲਤ ਵਿੱਚ ਠੀਕ ਤਰ੍ਹਾਂ ਨਹੀਂ ਸੀ ਲੜਿਆ ਗਿਆ। ਕੈਪਟਨ ਅਮਰਿੰਦਰ ਸਿੰਘ ਓਦੋਂ ਉਨ੍ਹਾਂ ਦੇ ਘਰ ਜਾ ਕੇ ਮਨਾ ਕੇ ਲਿਆਏ ਸਨ ਤੇ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦੇਣ ਲਈ ਦਿੱਲੀ ਤੋਂ ਖਾਸ ਵਕੀਲ ਕੀਤਾ ਗਿਆ ਸੀ, ਜਿਸ ਦੀ ਪੈਰਵੀ ਕਰਨ ਨਾਲ ਪਹਿਲਾ ਫੈਸਲਾ ਰੱਦ ਹੋ ਗਿਆ ਸੀ। ਓਦੋਂ ਮੁੱਖ ਮੰਤਰੀ ਦੇ ਮਨਾਏ ਜਾਣ ਉੱਤੇ ਸੁਰੇਸ਼ ਕੁਮਾਰ ਦੁਬਾਰਾ ਕੰਮ ਕਰਨ ਲੱਗ ਪਏ ਸਨ।

ਪਿਛਲੇ ਸਮੇਂ ਵਿੱਚ ਸੁਰੇਸ਼ ਕੁਮਾਰ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਸਰਕਾਰੀ ਪੱਧਰ ਉੱਤੇ ਇਕ ਧੜਾ ਉਨ੍ਹਾਂ ਦੇ ਖਿਲਾਫ ਚੱਲ ਰਿਹਾ ਤੇ ਉਹ ਲਗਾਤਾਰ ਉਨ੍ਹਾਂ ਦਾ ਅਕਸ ਧੁੰਦਲਾ ਕਰਨ ਦੇ ਯਤਨ ਕਰ ਰਿਹਾ ਹੈ। ਸੁਰੇਸ਼ ਕਾਰਨ ਪ੍ਰੇਸ਼ਾਨ ਦੱਸੇ ਜਾ ਰਹੇ ਸਨ। ਮੁੱਖ ਮੰਤਰੀ ਨਾਲ ਨੇੜਤਾ ਕਾਰਨ ਉਹ ਸਰਕਾਰੀ ਪੱਧਰ ਉੱਤੇ ਕੰਮ ਕਰ ਰਹੇ ਸਨ, ਪਰ ਕੁਝ ਸਮੇਂ ਤੋਂ ਪ੍ਰਸ਼ਾਸਕੀ ਪੱਧਰ ਉੱਤੇ ਅਦਲਾ-ਬਦਲੀ ਤੋਂ ਬਾਅਦ ਸਥਿਤੀਆਂ ਲਗਾਤਾਰ ਬਦਲ ਰਹੀਆਂ ਸਨ, ਜਿਸ ਕਾਰਨ ਆਖਰ ਉਨ੍ਹਾਂ ਨੇ ਬਦਲੇ ਹੋਏ ਮਾਹੌਲ ਨੂੰ ਵੇਖ ਕੇ ਆਪਣਾ ਅਸਤੀਫਾ ਮੁੱਖ ਮੰਤਰੀ ਨੂੰ ਭੇਜ ਦਿੱਤਾ ਹੈ।

# ਗ੍ਰਿਫਤਾਰੀ ਦੌਰਾਨ ਜ਼ਖ਼ਮੀ ਪੁਲਿਸ ਅਧਿਕਾਰੀ ਨੂੰ ਕਰਵਾਇਆ ਗਿਆ ਹਸਪਤਾਲ ਦਾਖਲ




ਟੋਰਾਂਟੋ, 21 ਜੁਲਾਈ (ਪੋਸਟ ਬਿਊਰੋ) : ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਨ ਗਏ ਟੋਰਾਂਟੋ ਦੇ ਪੁਲਿਸ ਅਧਿਕਾਰੀ ਨੂੰ ਜ਼ਖ਼ਮੀ ਹੋਣ ਮਗਰੋਂ ਲੋਕਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।

ਯੌਰਕਡੇਲ ਇਲਾਕੇ ਵਿੱਚ ਡਫਰਿਨ ਸਟਰੀਟ ਤੇ ਮੈਕੈਅਡਮ ਐਵਨਿਊ ਨੇੜੇ ਇਹ ਘਟਨਾ ਵਾਪਰੀ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਕਈ ਲੋਕਾਂ ਨੇ ਫੋਨ ਕਰਕੇ ਦੱਸਿਆ ਕਿ ਇੱਕ ਵਿਅਕਤੀ ਹੱਥ ਵਿੱਚ ਚਾਕੂ ਲਈ ਘੁੰਮ ਰਿਹਾ ਹੈ ਤੇ ਉਹ ਕਿਸੇ ਨੂੰ ਜ਼ਖ਼ਮੀ ਕਰਨ ਦਾ ਇਰਾਦਾ ਰੱਖਦਾ ਹੈ।

ਪੁਲਿਸ ਨੇ ਦੱਸਿਆ ਕਿ ਮੌਕੇ ਤੋਂ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਤੇ ਉਸ ਕੋਲੋਂ ਚਾਕੂ ਵੀ ਬਰਾਮਦ ਕਰ ਲਿਆ ਗਿਆ ਹੈ। ਪੁਲਿਸ ਨੇ ਦੱਸਿਆ ਕਿ ਜਦੋਂ ਇਸ ਵਿਅਕਤੀ ਨੂੰ ਗ੍ਰਿਫਤਾਰ ਕਰਨ ਲਈ ਪੁਲਿਸ ਅਧਿਕਾਰੀ ਨੇ ਕੋਸ਼ਿਸ਼ ਸ਼ੁਰੂ ਕੀਤੀ ਤਾਂ ਉਸ ਵਿਅਕਤੀ ਨੇ ਉਸ ਅਧਿਕਾਰੀ ਉੱਤੇ ਹੀ ਹਮਲਾ ਕਰ ਦਿੱਤਾ ਤੇ ਜਿਸ ਕਾਰਨ ਉਹ ਜ਼ਖ਼ਮੀ ਹੋ ਗਿਆ।

ਟੋਰਾਂਟੋ ਪੈਰਾਮੈਡਿਕਸ ਸਰਵਿਸਿਜ਼ ਨੇ ਦੱਸਿਆ ਕਿ ਉਹ ਇਸ ਇਲਾਕੇ ਵਿੱਚੋਂ ਇੱਕ ਵਿਅਕਤੀ ਨੂੰ ਮਾਮੂਲੀ ਜ਼ਖ਼ਮਾਂ ਨਾਲ ਹਸਪਤਾਲ ਲੈ ਕੇ ਗਏ। ਇਸ ਮਾਮਲੇ ਵਿੱਚ ਹੋਰ ਜਾਣਕਾਰੀ ਹਾਲ ਦੀ ਘੜੀ ਨਹੀਂ ਮਿਲ ਸਕੀ।

# ਦਿੱਲੀ ਏਅਰਪੋਰਟ ਨੇ 7 ਦਿਨ ਦਾ ਕੁਆਰੰਟੀਨ ਲਾਜ਼ਮੀ ਕਰ ਦਿੱਤਾ

### * ਭਾਰਤ 28 ਹਜ਼ਾਰ ਮੌਤਾਂ ਨਾਲ ਸਪੇਨ ਨੂੰ ਪਿੱਛੇ ਛੱਡ ਕੇ 7ਵੇਂ ਥਾਂ ਪੁੱਜਾ

ਨਵੀਂ ਦਿੱਲੀ, 21 ਜੁਲਾਈ, (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਏਅਰ ਬਬਲ ਸਕੀਮ ਹੇਠ ਭਾਰਤ ਅਤੇ ਅਮਰੀਕਾ, ਫ਼ਰਾਂਸ, ਜਰਮਨੀ, ਸੰਯੁਕਤ ਅਰਬ ਅਮੀਰਾਤ (ਯੂ ਏ ਈ) ਵਿਚਾਲੇ ਇੰਟਰਨੈਸ਼ਨਲ ਫਲਾਈਟ ਸੇਵਾ ਕੁਝ ਹਫ਼ਤਿਆਂ ਲਈ ਸ਼ੁਰੂ ਕੀਤੀ ਗਈ ਹੈ ਅਤੇ ਬਹੁਤੀਆਂ ਫਲਾਈਟਾਂ ਦਿੱਲੀ, ਮੁੰਬਈ ਅਤੇ ਬੈਂਗਲੁਰੂ ਵਿਚਾਲੇ ਹੀ ਚੱਲਣੀਆਂ ਹਨ। ਇਸ ਦੌਰਾਨ ਦਿੱਲੀ ਏਅਰਪੋਰਟ ਮੈਨੇਜਮੈਂਟ ਨੇ ਇਨ੍ਹਾ ਇੰਟਰਨੈਸ਼ਨਲ ਫਲਾਈਟਾਂ ਤੋਂ ਦਿੱਲੀ ਪੁੱਜਣ ਵਾਲੇ ਪੈਸੇਂਜਰ ਨੂੰ ਸੱਤ ਦਿਨਾਂ ਲਈ ਇੰਸਟੀਟਿਊਸ਼ਨਲ ਕੁਆਰੰਟੀਨ ਉੱਤੇ ਜਾਣਾ ਲਾਜ਼ਮੀ ਕਰ ਦਿੱਤਾ ਹੈ। ਇਸ ਦਾ ਖਰਚ ਲੋਕਾਂ ਨੂੰ ਖੁਦ ਅਦਾ ਕਰਨਾ ਹੋਵੇਗਾ ਅਤੇ ਇਸ ਤੋਂ ਬਾਅਦ ਉਨ੍ਹਾਂ ਨੂੰ ਸੱਤ ਦਿਨਾਂ ਲਈ ਹੋਮ ਕੁਆਰੰਟੀਨ ਉੱਤੇ ਜਾਣਾ ਹੋਵੇਗਾ।

ਦਿੱਲੀ ਏਅਰਪੋਰਟ ਮੈਨੇਜਮੈਂਟ ਦੇ ਅੱਜ ਦੇ ਨੋਟੀਫਿਕੇਸ਼ਨ ਮੁਤਾਬਕ ਜਿਹੜੇ ਯਾਤਰੀ ਦਿੱਲੀ ਏਅਰਪੋਰਟ ਆਉਣ ਤੋਂ ਬਾਅਦ ਦਿੱਲੀ-ਐੱਨ ਸੀ ਆਰ ਵਿੱਚ ਰੁਕਣਾ ਚਾਹੁਣਗੇ, ਉਨ੍ਹਾਂ ਨੂੰ ਹੈਲਥ ਸਕ੍ਰੀਨਿੰਗ ਪ੍ਰਕਿਰਿਆ ਪੂਰੀ ਕਰਨ ਦੇ ਬਾਅਦ ਕੁਆਰੰਟੀਨ ਹੋਣਾ ਪਵੇਗਾ। ਇਸ ਹੇਠ ਪਹਿਲਾਂ ਏਅਰਪੋਰਟ ਹੈਲਥ ਆਫਿਸ ਵਿੱਚ ਪ੍ਰਾਈਮਰੀ ਸਕ੍ਰੀਨਿੰਗ ਹੋਵੇਗੀ ਤੇ ਫਿਰ ਦਿੱਲੀ ਸਰਕਾਰ ਵੱਲੋਂ ਸੈਕੰਡਰੀ ਸਕ੍ਰੀਨਿੰਗ ਕੀਤੀ ਜਾਵੇਗੀ। ਉਸ ਤੋਂ ਬਾਅਦ ਇਨ੍ਹਾਂ ਮੁਸਾਫਰਾਂ ਨੂੰ ਕੁਆਰੰਟੀਨ ਲੋਕੇਸ਼ਨ ਬਾਰੇ ਦੱਸਿਆ ਜਾਵੇਗਾ ਅਤੇ ਫਿਰ ਸੱਤ ਦਿਨ ਘਰ ਵਿੱਚ ਕੁਆਰੰਟੀਨ ਹੋਣਾ ਪਵੇਗਾ।

ਇਸ ਦੌਰਾਨ ਭਾਰਤ ਵਿੱਚ ਕੋਰੋਨਾ ਦਾ ਕਹਿਰ ਵਧਦਾ ਜਾ ਰਿਹਾ ਹੈ ਅਤੇ ਮੰਗਲਵਾਰ ਸ਼ਾਮ ਤੱਕ ਭਾਰਤ ਵਿੱਚ ਇਸ ਮਹਾਂਮਾਰੀ ਨਾਲ 28 ਹਜ਼ਾਰ ਤੋਂ ਵੱਧ ਮੌਤਾਂ ਹੋ ਜਾਣ ਕਾਰਨ ਇਹ ਮੌਤਾਂ ਦੀ ਗਿਣਤੀ ਪੱਖੋਂ ਸਪੇਨ ਤੋਂ ਲੰਘ ਕੇ ਸੰਸਾਰ ਭਰ ਵਿੱਚ ਸੱਤਵਾਂ ਦੇਸ਼ ਬਣ ਗਿਆ ਹੈ। ਭਾਰਤ ਵਿੱਚ ਸਭ ਤੋਂ ਵੱਧ 11 ਹਜ਼ਾਰ ਤੋਂ ਉੱਪਰ ਮੌਤਾਂ ਇਸ ਜੁਲਾਈ ਮਹੀਨੇ ਵਿੱਚ ਹੀ ਹੋਈਆਂ ਹਨ। ਕੋਰੋਨਾ ਦੇ ਕੇਸਾਂ ਦੀ ਗਿਣਤੀ ਪੱਖੋਂ ਵੀ ਭਾਰਤ ਸੰਸਾਰ ਵਿੱਚ ਤੀਸਰੇ ਨੰਬਰ ਉੱਤੇ ਹੈ।

# ਤ੍ਰਿਪਰਾ ਦੇ ਭਾਜਪਾ ਮੁੱਖ ਮੰਤਰੀ ਨੇ ਪੰਜਾਬੀਆਂ ਨੂੰ 'ਘੱਟ ਅਕਲ ਵਾਲੇ' ਕਿਹਾ

### * ਭਗਵੰਤ ਮਾਨ ਨੇ ਕਿਹਾ: ਪੰਜਾਬੀਆਂ ਕਾਰਨ ਹੀ ਤੁਸੀਂ ਮੁੱਖ ਮੰਤਰੀ ਬਣੇ ਹੋ

ਚੰਡੀਗੜ੍ਹ, 21 ਜੁਲਾਈ, (ਪੋਸਟ ਬਿਊਰੋ)- ਤ੍ਰਿਪੁਰਾ ਦੇ ਭਾਜਪਾ ਮੁੱਖ ਮੰਤਰੀ ਬਿਪਲਬ ਦੇਬ ਵੱਲੋਂ ਪੰਜਾਬੀਆਂ ਦੇ ਖਿਲਾਫ ਇੱਕ ਭੱਦੀ ਟਿਪਣੀ ਦਾ ਨੋਟਿਸ ਲੈਂਦਿਆਂ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਮੋੜਵਾਂ ਮਿਹਣਾ ਮਾਰਿਆ ਹੈ ਕਿ ਪੰਜਾਬ ਦੇ ਲੋਕਾਂ ਦੀਆਂ ਕੁਰਬਾਨੀਆਂ ਸਦਕਾ ਦੇਸ਼ ਆਜ਼ਾਦ ਹੋਇਆ ਤੇ ਤੁਸੀਂ ਮੁੱਖ ਮੰਤਰੀ ਬਣ ਸਕੇ ਹੋ।

ਅਸਲ ਵਿੱਚ ਮੁੱਖ ਮੰਤਰੀ ਬਿਪਲਬ ਦੇਬ ਨੇ ਆਪਣੇ ਰਾਜ ਤ੍ਰਿਪੁਰਾ ਵਿੱਚ ਇੱਕ ਥਾਂ ਬੋਲਦਿਆਂ ਇਹ ਕਿਹਾ ਸੀ ਕਿ ਪੰਜਾਬੀ ਸਰਦਾਰ ਅਤੇ ਹਰਿਆਣੇ ਦੇ ਜਾਟ ਸਰੀਰਕ ਪੱਖੋਂ ਤਕੜੇ, ਪਰ ਦਿਮਾਗ਼ੀ ਪੱਖੋਂ ਖ਼ਾਲੀ ਹੁੰਦੇ ਹਨ। ਇਸ ਦੇ ਬਾਅਦ ਜਦੋਂ ਉਨ੍ਹਾਂ ਦੀ ਨੁਕਤਾਚੀਨੀ ਹੋਈ ਤਾਂ ਉਨ੍ਹਾਂ ਨੇ ਅਗਲੇ ਦਿਨ ਹੀ ਇਸ ਦੀ ਮੁਆਫੀ ਮੰਗ ਲਈ ਹੈ।

ਪੰਜਾਬ ਦੀ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਤੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਤ੍ਰਿਪੁਰਾ ਦੇ ਮੁੱਖ ਮੰਤਰੀ ਬਿਪਲਬ ਦੇਬ ਵੱਲੋਂ ਪੰਜਾਬੀਆਂ ਅਤੇ ਹਰਿਆਣਵੀਆਂ ਬਾਰੇ ਕੀਤੀ ਟਿੱਪਣੀ ਦਾ ਨੋਟਿਸ ਲੈਂਦੇ ਹੋਏ ਭਾਜਪਾ ਕੋਲੋਂ ਬਿਪਲਬ ਦੇਬ ਨੂੰ ਅਹੁਦੇ ਤੋਂ ਬਰਖ਼ਾਸਤ ਕਰਨ ਦੀ ਮੰਗ ਕੀਤੀ ਤੇ ਕਿਹਾ ਕਿ ਇਹ ਫ਼ਿਰਕੂ ਅਤੇ ਨਸਲੀ ਟਿੱਪਣੀ ਬਿਪਲਬ ਦੇਬ ਦੀ ਨਹੀਂ, ਭਾਜਪਾ ਦੀ ਜ਼ਹਿਰੀਲੀ ਸੋਚ ਪੇਸ਼



ਕਰਦੀ ਹੈ। ਅੱਜ ਭਗਵੰਤ ਮਾਨ ਨੇ ਆਪਣੇ ਸਾਥੀਆਂ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ, ਪ੍ਰੋ. ਬਲਜਿੰਦਰ ਕੌਰ, ਕੁਲਤਾਰ ਸਿੰਘ ਸੰਧਵਾਂ, ਅਮਨ ਅਰੋੜਾ, ਮੀਤ ਹੇਅਰ ਅਤੇ ਹੋਰਨਾਂ ਸਮੇਤ ਮੁੱਖ ਮੰਤਰੀ ਬਿਪਲਬ ਦੇਬ ਤੇ ਭਾਜਪਾ ਉੱਤੇ ਮੋੜਵਾਂ ਹਮਲਾ ਬੋਲਿਆ। ਮਾਨ ਨੇ ਕਿਹਾ ਕਿ ਜਿਸ ਕੌਮ ਬਾਰੇ ਭਾਜਪਾ ਮੁੱਖ ਮੰਤਰੀ ਨੇ ਘਟੀਆ ਤੇ ਦਿਲਾਂ ਨੂੰ ਠੇਸ ਲਾਉਣ ਵਾਲੀ ਟਿੱਪਣੀ ਕੀਤੀ ਹੈ, ਜੇ ਉਹ ਪੰਜਾਬੀ ਲੋਕ ਦੇਸ਼ ਆਜ਼ਾਦ ਕਰਾਉਣ ਲਈ 90 ਪ੍ਰਤੀਸ਼ਤ ਕੁਰਬਾਨੀਆਂ ਨਾ ਦਿੰਦੇ ਤਾਂ ਬਿਪਲਬ ਦੇਬ ਮੁੱਖ ਮੰਤਰੀ ਦੀ ਕੁਰਸੀ ਉੱਤੇ ਨਾ ਬੈਠਾ ਹੁੰਦਾ।

ਭਗਵੰਤ ਮਾਨ ਨੇ ਕਿਹਾ ਕਿ ਪੂਰੀ ਦੁਨੀਆ ਵਿੱਚ ਪੰਜਾਬੀਆਂ ਨੇ ਆਪਣਾ ਖ਼ਾਸ ਜਗ੍ਹਾ ਬਣਾਈ ਤੇ ਕਈ ਦੇਸ਼ਾਂ ਵਿੱਚ ਪੰਜਾਬੀਆਂ ਨੇ ਆਰਥਿਕ, ਸਮਾਜਿਕ ਤੇ ਰਾਜਸੀ ਖੇਤਰ ਵਿੱਚ ਆਪਣੀ ਯੋਗਤਾ ਤੇ ਮਿਹਨਤ ਨਾਲ ਝੰਡੇ ਗੱਡੇ ਹਨ। ਕੈਨੇਡਾ ਸਰਕਾਰ ਵਿੱਚ ਰੱਖਿਆ ਮੰਤਰੀ ਸਮੇਤ ਕਈ ਪੰਜਾਬੀ ਮੰਤਰੀ ਸ਼ਾਮਲ ਹਨ। ਜਦੋਂ ਆਜ਼ਾਦੀ ਮਿਲਣ ਪਿੱਛੋਂ ਭਾਰਤ ਭੁੱਖਮਰੀ ਨਾਲ ਨਾਲ ਜੂਝ ਰਿਹਾ ਸੀ ਤਾਂ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੇ ਦੇਸ਼ ਨੂੰ ਅਨਾਜ ਪੱਖੋਂ ਆਤਮ ਨਿਰਭਰ ਕੀਤਾ ਸੀ। ਉਨ੍ਹਾਂ ਨੇ ਭਾਜਪਾ ਹਾਈ ਕਮਾਨ ਤੋਂ ਮੰਗ ਕੀਤੀ ਕਿ ਉਹ ਬਿਪਲਬ ਦੇਬ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਬਰਖ਼ਾਸਤ ਕਰਨ, ਕਿਉਂਕਿ ਪੰਜਾਬੀਆਂ ਖਿਲਾਫ ਇਹ ਟਿੱਪਣੀਆਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ।

# ਬੇਅਦਬੀ ਕਾਂਡ: ਹਾਈ ਕੋਰਟ ਨੇ ਪੰਜਾਬ ਸਰਕਾਰ ਤੇ ਸੀ ਬੀ ਆਈ ਤੋਂ ਦੋਹਰੀ ਜਾਂਚ ਉੱਤੇ ਜਵਾਬ ਮੰਗਿਆ

ਚੰਡੀਗੜ੍ਹ, 21 ਜੁਲਾਈ, (ਪੋਸਟ ਬਿਊਰੋ)- ਸਾਲ 2015 ਵਿੱਚ ਅਕਾਲੀ-ਭਾਜਪਾ ਸਰਕਾਰ ਦੇ ਵਕਤ ਵਾਪਰੇ ਬਰਗਾੜੀ ਦੇ ਬੇਅਦਬੀ ਕੇਸ ਵਿੱਚ ਦੋਸ਼ੀ ਸੁਖਜਿੰਦਰ ਸਿੰਘ ਸਨੀ ਦੀ ਅਪੀਲ ਉੱਤੇ ਹਾਈ ਕੋਰਟ ਨੇ ਪੰਜਾਬ ਸਰਕਾਰ ਅਤੇ ਸੀ ਬੀ ਆਈ ਨੂੰ ਨੋਟਿਸ ਜਾਰੀ ਕਰ ਕੇ ਦੋਹਰੀ ਜਾਂਚ ਦੇ ਮੁੱਦੇ ਉੱਤੇ 18 ਅਗਸਤ ਤਕ ਜਵਾਬ ਮੰਗਿਆ ਹੈ।



ਵਰਨਣ ਯੋਗ ਹੈ ਕਿ ਸੁਖਜਿੰਦਰ ਸਿੰਘ ਸਨੀ ਨੇ ਫਰੀਦਕੋਟ ਦੇ ਬਾਜਾਖਾਨਾ ਥਾਣੇ ਵਿੱਚ 2 ਜੂਨ 2015 ਨੂੰ ਦਰਜ ਹੋਏ ਕੇਸ ਵਿੱਚ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਵੱਲੋਂ ਚਲਾਣ ਪੇਸ਼ ਕਰਨ ਨੂੰ ਚੁਣੌਤੀ ਦਿੱਤੀ ਤੇ ਕਿਹਾ ਹੈ ਕਿ ਇਸ ਕੇਸ ਦੀ ਜਾਂਚ ਹਾਲੇ ਸੀ ਬੀ ਆਈ ਕਰ ਰਹੀ ਹੈ ਤਾਂ ਇਕੋ ਸ਼ਿਕਾਇਤ ਵਿੱਚ ਦੋ ਜਾਂਚ ਏਜੰਸੀਆਂ ਵੱਲੋਂ ਜਾਂਚ ਕਰਨਾ ਕਾਨੂੰਨੀ ਪੱਖ ਤੋਂ ਜਾਇਜ਼ ਨਹੀਂ। ਇਸ ਅਪੀਲ ਵਿੱਚ ਸਨੀ ਨੇ ਪੰਜਾਬ ਪੁਲਿਸ ਦੀ ਐੱਸ ਆਈ ਟੀ ਵੱਲੋਂ ਛੇ ਜੁਲਾਈ 2020 ਨੂੰ ਮੋਹਾਲੀ ਅਦਾਲਤ ਵਿੱਚ ਪੇਸ਼ ਕੀਤੀ ਅਰਜ਼ੀ ਨੂੰ ਚੁਣੌਤੀ ਦਿੰਦੇ ਹੋਏ ਮੋਹਾਲੀ ਕੋਰਟ ਤੋਂ ਇਸ ਚਲਾਨ ਨੂੰ ਮੰਨਣ ਦੇ ਹੁਕਮ ਰੱਦ ਕਰਨ ਦੀ ਮੰਗ ਕੀਤੀ ਤੇ ਕਿਹਾ ਕਿ ਸਾਲ 2015 ਵਿੱਚ ਦਰਜ ਕੀਤੇ ਕੇਸ (ਐੱਫ ਆਈ ਆਰ) ਵਿੱਚ ਸੀ ਬੀ ਆਈ ਨੇ ਲਾਈ ਡਿਟੈਕਟਰ ਟੈਸਟ ਸਮੇਤ ਵਿਸਥਾਰ ਨਾਲ ਜਾਂਚ ਤੋਂ ਬਾਅਦ ਕਲੋਜ਼ਰ ਰਿਪੋਰਟ ਪੇਸ਼ ਕਰ ਦਿੱਤੀ ਸੀ। ਇਸ ਦੇ ਬਾਅਦ ਐੱਸ ਆਈ ਟੀ ਨੇ ਦੋਸ਼ੀਆਂ ਨੂੰ ਜਬਰਦਸਤੀ ਲਏ ਗਏ ਬਿਆਨਾਂ ਦੇ ਆਧਾਰ ਉੱਤੇ ਅਦਾਲਤ ਵਿੱਚ ਚਲਾਨ ਪੇਸ਼ ਕਰ ਦਿੱਤਾ ਹੈ। ਸਨੀ ਨੇ ਐੱਸ ਆਈ ਟੀ ਦੇ ਚਲਾਨ ਦੇ ਆਧਾਰ ਉੱਤੇ ਮੋਹਾਲੀ ਅਦਾਲਤ ਤੋਂ ਉਸ ਨੂੰ ਅਤੇ ਹੋਰ ਦੋਸ਼ੀਆਂ ਨੂੰ ਭੇਜੇ ਨੋਟਿਸ ਰੱਦ ਕਰਨ ਦੀ ਮੰਗ ਕੀਤੀ ਹੈ। ਜਸਟਿਸ ਰਾਜਬੀਰ ਸਹਰਾਵਤ ਨੇ ਇਸ ਕੇਸ ਵਿੱਚ ਪੰਜਾਬ ਸਰਕਾਰ ਅਤੇ ਸੀ ਬੀ ਆਈ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗ ਲਿਆ ਹੈ। ਅਕਾਲੀ-ਭਾਜਪਾ ਸਰਕਾਰ ਵੇਲੇ 12 ਅਕਤੂਬਰ 2015 ਨੂੰ ਫਰੀਦਕੋਟ ਜ਼ਿਲ੍ਹੇ ਦੇ ਬਰਗਾੜੀ ਪਿੰਡ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਪਾੜ ਕੇ ਗ਼ਲੀਆਂ ਵਿੱਚ ਸੁੱਟੇ ਜਾਣ ਤੋਂ ਬਾਅਦ ਸਿੱਖ ਜਥੇਬੰਦੀਆਂ ਨੇ ਰੋਸ ਪ੍ਰਦਰਸ਼ਨ ਕੀਤਾ ਅਤੇ ਧਰਨਾ ਦਿੱਤਾ ਸੀ, ਜਿਸ ਦੌਰਾਨ ਪੁਲਿਸ ਦੀ ਫਾਇਰਿੰਗ ਵਿੱਚ ਦੋ ਨੌਜਵਾਨਾਂ ਦੀ ਮੌਤ ਹੋ ਗਈ ਸੀ। ਉਸ ਦੇ ਬਾਅਦ ਬੇਅਦਬੀ ਕੇਸ ਦੀ ਜਾਂਚ ਸੀ ਬੀ ਆਈ ਨੂੰ ਸੌਂਪੀ ਗਈ ਸੀ ਅਤੇ ਸੀ ਬੀ ਆਈ ਪਿਛਲੇ ਸਾਲ ਇਸ ਕੇਸ ਬਾਰੇ ਆਪਣੀ ਕਲੋਜ਼ਰ ਰਿਪੋਰਟ ਦੇ ਚੁੱਕੀ ਹੈ। ਇਸ ਦੌਰਾਨ ਪੰਜਾਬ ਸਰਕਾਰ ਨੇ ਇਸ ਦੀ ਜਾਂਚ ਐੱਸ ਆਈ ਟੀ ਨੂੰ ਸੌਂਪ ਦਿੱਤੀ ਸੀ ਅਤੇ ਪਿਛਲੇ ਦਿਨੀਂ ਐੱਸ ਆਈ ਟੀ ਨੇ ਨਵੇਂ ਸਿਰੇ ਤੋਂ ਚਾਰਜਸ਼ੀਟ ਪੇਸ਼ ਕਰ ਦਿੱਤੀ ਹੈ।

# ਮੱਧ ਪ੍ਰਦੇਸ਼ ਦੇ ਗਵਰਨਰ ਲਾਲਜੀ ਟੰਡਨ ਦਾ ਦੇਹਾਂਤ

ਲਖਨਊ, 21 ਜੁਲਾਈ, (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਗਵਰਨਰ ਲਾਲਜੀ ਟੰਡਨ (85 ਸਾਲ) ਦਾ ਅੱਜ ਮੰਗਲਵਾਰ ਸਵੇਰੇ ਲਖਨਊ ਦੇ ਮੇਦਾਂਤਾ ਹਸਪਤਾਲ ਵਿੱਚ ਦੇਹਾਂਤ ਹੋ ਗਿਆ। ਉਹ ਕਈ ਦਿਨਾਂ ਤੋਂ ਇਸ ਹਸਪਤਾਲ ਵਿੱਚ ਦਾਖਲ ਸਨ। ਉਨ੍ਹਾਂ ਦੇ ਪੁੱਤਰ ਅਤੇ ਯੂ ਪੀ ਦੇ ਸ਼ਹਿਰੀ ਵਿਕਾਸ ਮੰਤਰੀ ਆਸ਼ੁਤੋਸ਼ ਟੰਡਨ ਨੇ ਇਸ ਦੀ ਜਾਣਕਾਰੀ ਦਿੱਤੀ ਹੈ।

ਇਸ ਤੋਂ ਪਹਿਲਾਂ ਸੋਮਵਾਰ ਨੂੰ ਲਾਲਜੀ ਟੰਡਨ ਦੀ ਹਾਲਤ ਨਾਜ਼ੁਕ ਦੱਸੀ ਗਈ ਸੀ। ਇਸ ਬਾਰੇ ਸੋਮਵਾਰ ਮੇਦਾਂਤਾ ਹਸਪਤਾਲ ਵੱਲੋਂ ਮੈਡੀਕਲ ਬੁਲੇਟਿਨ ਵਿੱਚ ਉਨ੍ਹਾਂ ਦੀ ਹਾਲਤ ਨਾਜ਼ੁਕ ਹੋਣ ਬਾਰੇ ਕਿਹਾ ਗਿਆ ਸੀ। ਹਸਪਤਾਲ ਵਿੱਚ ਉਨ੍ਹਾ ਨੂੰ ਵੈਂਟੀਲੇਟਰ ਸਪੋਰਟ ਉੱਤੇ ਰੱਖਿਆ ਗਿਆ ਸੀ। ਬੀਤੀ 11 ਜੂਨ ਨੂੰ ਮੇਦਾਂਤਾ ਹਸਪਤਾਲ ਭਰਤੀ ਹੋਏ ਲਾਲਜੀ ਟੰਡਨ ਦੀ ਸਿਹਤ 15 ਜੂਨ ਨੂੰ ਵੱਧ ਵਿਗੜ ਗਈ ਤੇ ਪੇਟ ਵਿੱਚ ਬਲੀਡਿੰਗ ਹੋਣ ਉੱਤੇ ਉਨ੍ਹਾਂ ਦਾ ਅਪਰੇਸ਼ਨ ਕੀਤਾ ਗਿਆ ਸੀ। ਇਸ ਤੋਂ ਬਾਅਦ ਉਹ ਲਗਾਤਾਰ ਵੈਂਟੀਲੇਟਰ ਉੱਤੇ ਸਨ।




Paramjit Deol
Broker
CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated.
Tel:905-405-8484
www.paramjitdeol.com
Email: pdeol3@yahoo.ca


"Your neighborhood broker, Call Paramjit Deol Today"

**Mississauga $749,000**

**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**

**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

**MISSISSAUGA $299,000**
Photo Not Available
**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**

**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000**

**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

**124 Cornwall Rd:** Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

## ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

**647-764-3637**


# ਪੰਜਾਬ ਵਿੱਚ ਕੋਰੋਨਾ ਦੇ ਟਾਕਰੇ ਲਈ ਪਹਿਲਾ ਪਲਾਜ਼ਮਾ ਬੈਂਕ ਸ਼ੁਰੂ

*** ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਪਲਾਜ਼ਮਾ ਬੈਂਕ ਬਣਾਇਆ ਗਿਆ**



ਪਟਿਆਲਾ, 21 ਜੁਲਾਈ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਖਿਲਾਫ ਜੰਗ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ 'ਮਿਸ਼ਨ ਫਤਹਿ' ਵਜੋਂ ਚੱਲਦੀ ਮੁਹਿੰਮ ਨੂੰ ਅੱਗੇ ਵਧਾਉਂਦੇ ਹੋਏ ਅੱਜ ਪਟਿਆਲਾ ਵਿੱਚ ਪੰਜਾਬ ਦਾ ਪਹਿਲਾ ਪਲਾਜ਼ਮਾ ਬੈਂਕ ਸ਼ੁਰੂ ਕਰ ਦਿੱਤਾ ਗਿਆ ਹੈ।

ਪੰਜਾਬ ਦੇ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਓ ਪੀ ਸੋਨੀ ਨੇ ਅੱਜ ਸਰਕਾਰੀ ਮੈਡੀਕਲ ਕਾਲਜ/ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਇਸ ਰਾਜ ਦੇ ਪਹਿਲੇ ਤੇ ਦਿੱਲੀ ਦੇ ਦੋ ਪਲਾਜ਼ਮਾ ਬੈਂਕਾਂ ਤੋਂ ਬਾਅਦ ਦੇਸ਼ ਦੇ ਤੀਸਰੇ ਪਲਾਜ਼ਮਾ ਬੈਂਕ ਦੀ ਸ਼ੁਰੂਆਤ ਵੀਡੀਓ ਕਾਨਫਰੰਸਿੰਗ ਰਾਹੀਂ ਕੀਤੀ। ਇਸ ਦੌਰਾਨ ਬੋਲਦਿਆਂ ਮੰਤਰੀ ਓਮ ਪ੍ਰਕਾਸ਼ ਸੋਨੀ ਨੇ ਕਿਹਾ ਕਿ ਪਲਾਜ਼ਮਾ ਬੈਂਕ ਇਸ ਮਹਾਂਮਾਰੀ ਦੇ ਇਲਾਜ ਲਈ ਪੰਜਾਬ ਵਿੱਚ ਬਣਾਇਆ ਜਾਣਾ ਇੱਕ ਵੱਡੀ ਪ੍ਰਾਪਤੀ ਹੈ। ਉਨ੍ਹਾਂ ਦੱਸਿਆ ਕਿ ਪਲਾਜ਼ਮਾ ਥੈਰੇਪੀ ਬਾਰੇ ਪਹਿਲਾਂ ਪੰਜਾਬ ਵਿਚ ਵੱਖ-ਵੱਖ ਟਰਾਇਲ ਸਫ਼ਲਤਾ ਨਾਲ ਹੋਏ ਤਾਂ ਇਨ੍ਹਾਂ ਦੇ ਵਧੀਆ ਨਤੀਜੇ ਵੇਖ ਕੇ ਪਲਾਜ਼ਮਾ ਬੈਂਕ ਬਣਾਉਣ ਦਾ ਰਾਹ ਸਾਫ ਹੋਇਆ ਹੈ। ਉਨ੍ਹਾਂ ਕਿਹਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਮਹਾਮਾਰੀ ਨਾਲ ਹੋਣ ਵਾਲੀਆਂ ਮੌਤਾਂ ਨੂੰ ਘੱਟ ਤੋਂ ਘੱਟ ਕਰਨ ਲਈ ਹਰ ਯਤਨ ਕਰ ਰਹੇ ਹਨ ਅਤੇ ਪਲਾਜ਼ਮਾ ਬੈਂਕ ਸ਼ੁਰੂ ਹੋਣਾ ਇਸੇ ਦਾ ਸਿੱਟਾ ਹੈ। ਉਨ੍ਹਾਂ ਦੱਸਿਆ ਕਿ ਇਹ ਬੈਂਕ ਦੋ ਪਲਾਜ਼ਮਾ ਮਸ਼ੀਨਾਂ ਨਾਲ ਲੈਸ ਹੈ ਤੇ ਛੇਤੀ ਹੀ ਤੀਸਰੀ ਮਸ਼ੀਨ ਵੀ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਐਂਟੀਬਾਡੀ ਟੈਸਟਿੰਗ ਲਈ ਸਾਡੇ ਕੋਲ ਟੈਸਟਿੰਗ ਕਿੱਟਾਂ ਦੀ ਕੋਈ ਘਾਟ ਨਹੀਂ ਤੇ ਹੋਰ ਅਤਿ-ਆਧੁਨਿਕ ਟੈਸਟਿੰਗ ਸਾਜ਼ੋ-ਸਮਾਨ ਵੀ ਜਲਦੀ ਮਿਲ ਜਾਵੇਗਾ।


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

FOR SALE
$369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ ।

FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।

SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre

- AZ Tractor trailer program
- Manual transmission & backup training everyday
- We welcome welfare workers & compensation clients

Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8



NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

## ਕਹਾਣੀ

# ਆਪਣੀ ਜ਼ਮੀਨ

-ਮਨੀਸ਼ ਵੈਦ-

ਉਹ ਦੋਵੇਂ ਆਪਣੇ ਪਰਵਾਰਾਂ ਨਾਲ ਪੈਦਲ ਹੀ ਨਿਕਲ ਪਏ ਸਨ। ਥਕਾਣ, ਭੁੱਖ ਤੇ ਚਿੰਤਾ ਨਾਲ ਸਰੀਰ ਟੁੱਟੀ ਜਾ ਰਿਹਾ ਸੀ। ਅੰਦਰ ਵਿਚਾਰਾਂ ਉਥਲ-ਪੁਥਲ ਚੱਲ ਰਹੀ ਸੀ। ਅੱਗੇ ਕੀ ਹੋਵ-ੇਗਾ, ਇਹੀ ਚਿੰਤਾ ਉਨ੍ਹਾਂ ਨੂੰ ਖਾਈ ਜਾਂਦੀ ਸੀ। ਅਜੇ ਪਿੰਡ ਪਹੁੰਚਣ ਵਿੱਚ ਸੱਤ ਕੋਹ ਦਾ ਸਫਰ ਬਾਕੀ ਸੀ। ਦੋ ਆਦਮੀਆਂ ਅਤੇ ਦੋ ਔਰਤਾਂ ਦੇ ਸਿਰ 'ਤੇ ਸਾਮਾਨਾਂ ਦੀ ਗਠੜੀ ਦਾ ਹੀ ਬੋਝ ਨਹੀਂ, ਉਸ ਤੋਂ ਵੀ ਜ਼ਿਆਦਾ ਦੁੱਖ ਅਤੇ ਚਿੰਤਾ ਦਾ ਬੋਝ ਉਸ ਨੂੰ ਹੱਦੋਂ ਵੱਧ ਭਾਰਾ ਲੱਗ ਰਿਹਾ ਸੀ।

ਬੀਤੇ ਦੋ ਦਿਨਾਂ ਵਿੱਚ ਉਨ੍ਹਾਂ ਨੇ ਜਿਸ ਤਰ੍ਹਾਂ 18 ਕੋਹ ਦਾ ਸਫਰ ਔਕੜਾਂ ਨਾਲ ਪੂਰਾ ਕੀਤਾ, ਇਹ ਉਹੀ ਜਾਣਦੇ ਸਨ। ਜ਼ਿੰਦਗੀ ਵਿੱਚ ਜਦ ਇੱਕੋ ਟਿਕ-ਾਣਾ ਬਚਿਆ ਹੋਵੇ, ਆਪਣੇ ਨਾਲ-ਨਾਲ ਜਦ ਪਰਵਾਰ ਦੀ ਵੀ ਜਾਨ 'ਤੇ ਬਣ ਆਈ ਹੋਵੇ ਤਾਂ ਫਿਰ ਅੰਦਰਲੀ ਹਿੰਮਤ ਨੂੰ ਕਿਸੇ ਤਰ੍ਹਾਂ ਇਕੱਠਾ ਕਰਨਾ ਹੀ ਪੈਂਦਾ ਹੈ। ਅਜਿਹਾ ਅੱਜ ਰਤਨ ਅਤੇ ਦੁਲੀ ਚੰਦ ਦੇ ਪਰਵਾਰਾਂ ਦੇ ਨਾਲ ਹੈ। ਦੁੱਖ-ਤਕਲੀਫਾਂ ਨਾਲ ਪਹਿਲਾਂ ਜਾਨ ਦੀ ਹਿਫਾਜ਼ਤ ਅਤੇ ਦੋ ਵਕਤ ਦੀ ਰੋਟੀ ਉਨ੍ਹਾਂ ਨੂੰ ਜ਼ਰੂਰੀ ਲੱਗ ਰਹੀ ਹੈ। ਤਿੰਨੇ ਬੱਚੇ ਵੀ ਉਨ੍ਹਾਂ ਦੇ ਨਾਲ-ਨਾਲ ਘਸੀਟੇ ਜਾ ਰਹੇ ਹਨ।

ਅੱਜ ਤੋਂ ਅਠ ਸਾਲ ਪਹਿਲਾਂ ਦਾ ਉਹ ਸਮਾਂ ਵੀ ਜਿਵੇਂ ਉਨ੍ਹਾਂ ਦੀਆਂ ਅੱਖਾਂ ਵਿੱਚ ਸਿਮਟ ਆਇਆ ਸੀ, ਜਦ ਪਿੰਡ ਵਿੱਚ ਅਕਾਲ ਪਿਆ ਸੀ ਤੇ ਉਹ ਰੋਟੀ ਦੀ ਇੱਕ-ਇੱਕ ਬੁਰਕੀ ਤੱਕ ਲਈ ਮੋਹਤਾਜ ਹੋ ਗਏ ਸਨ। ਕੀ ਉਹ ਖਾਂਦੇ ਅਤੇ ਕੀ ਆਪਣੇ ਬੱਚਿਆਂ ਨੂੰ ਖਵਾਉਂਦੇ। ਕੁਝ ਦਿਨ ਇਧਰੋਂ-ਉਧਰੋਂ ਯਤਨ ਕਰ ਕੇ ਵੀ ਅਕਾਲ ਜਿਵੇਂ ਉਨ੍ਹਾਂ ਜਾਨ ਲੈਣ ਹੀ ਆਇਆ ਸੀ। ਕੁਝ ਗੁਆਂਢੀਆਂ ਨੇ ਮਦਦ ਵੀ ਕੀਤੀ, ਪਰ ਉਨ੍ਹਾਂ ਦੇ ਕੋਲ ਵੀ ਅਜਿਹਾ ਕਿਹੜਾ ਭੰਡਾਰ ਭਰਿਆ ਸੀ ਕਿ ਸਾਰੇ ਪਿੰਡ ਨੂੰ ਖੁਆ ਦਿੰਦੇ।

ਕੋਈ ਚਾਰਾ ਨਹੀਂ ਸੀ, ਬੱਸ ਇੱਕ ਹੀ ਉਪਾਅ ਬਚਿਆ ਸੀ। ਰਤਨ ਆਪਣੇ ਚਾਚੇ ਦੁਲੀ ਚੰਦ ਦੇ ਨਾਲ ਫੈਕਟਰੀ ਵਿੱਚ ਕੰਮ ਕਰਨ ਕਿਸੇ ਤਰ੍ਹਾਂ ਸ਼ਹਿਰ ਚਲਾ ਗਿਆ। ਦੋਵਾਂ ਨੇ ਇੱਕ ਸਵੇਰੇ ਕਸਬੇ ਦੇ ਸਟੇਸ਼ਨ ਤੋਂ ਸ਼ਹਿਰ ਜਾਣ ਵਾਲੀ ਗੱਡੀ ਫੜ ਲਈ। ਦੁਲੀ ਚੰਦ ਦਾ ਲੰਗੋਟੀਆ ਯਾਰ ਰਮੇਸ਼ ਇਥੇ ਇੱਕ ਫੈਕਟਰੀ ਵਿੱਚ ਪਹਿਲਾਂ ਤੋਂ ਕੰਮ ਕਰਦਾ ਸੀ। ਉਸ ਦੇ ਕਾਰਨ ਠੇਕੇਦਾਰ ਨੇ ਉਨ੍ਹਾਂ ਵੀ ਜਲਦੀ ਹੀ ਕੰਮ 'ਤੇ ਰੱਖ ਲਿਆ ਸੀ। ਆਪਣੇ ਛੋਟੇ ਜਿਹੇ ਖੇਤ ਵਿੱਚ ਵੀ ਉਹ ਮਿਹਨਤ ਕਰਦੇ ਸਨ, ਪਰ ਇਥੇ ਮਜਦੂਰੀ ਦੀ ਮੁਸ਼ੱਕਤ ਉਨ੍ਹਾਂ ਨੂੰ ਥਕਾ ਦਿੰਦੀ। ਕਈ ਵਾਰ ਉਨ੍ਹਾਂ ਨੂੰ ਅੰਦਰ ਹੀ ਅੰਦਰ ਬੁਰਾ ਵੀ ਲੱਗਦਾ ਕਿ ਕਿੱਥੇ ਪੁਰਖਿਆਂ ਦੀ ਜ਼ਮੀਨ ਛੱਡ ਕੇ ਇਧਰ ਪਰਾਈਆਂ ਅੱਖਾਂ ਦੀ ਨਿਗਰਾਨੀ ਵਿੱਚ ਘੰਟਿਆਂ ਤੱਕ ਪਸੀਨਾ ਵਹਾਉਣਾ ਪੈਂਦਾ ਹੈ। ਪਿੰਡ ਦੇ ਘਰ ਵਿੱਚ ਮਾਂ ਤੇ ਵਿਧਵਾ ਭਰਜਾਈ ਨੂੰ ਛੱਡ ਕੇ ਰਤਨ ਅਤੇ ਦੁਲੀ ਚੰਦ ਦਾ ਪਰਵਾਰ ਵੀ ਕੁਝ ਮਹੀਨਿਆਂ ਬਾਅਦ ਸ਼ਹਿਰ ਵਿੱਚ ਰਹਿਣ ਲੱਗਾ। ਉਨ੍ਹਾਂ ਦੇ ਬੱਚਿਆਂ ਨੂੰ ਇਥੋਂ ਦੇ ਅੰਗਰੇਜ਼ੀ ਸਕੂਲ ਵਿੱਚ ਦਾਖਲਾ ਦਿਵਾ ਕੇ ਉਹ ਆਪਣੇ ਸੁਨਹਿਰੇ ਭਵਿੱਖ ਦੇ ਸੁਫਨੇ ਦੇਖਣ ਲੱਗੇ ਸਨ, ਉਨ੍ਹਾਂ ਨੂੰ ਲੱਗਦਾ ਸੀ ਕਿ ਇਹ ਬੱਚੇ ਇੱਕ ਦਿਨ ਪੜ੍ਹ ਲਿਖ ਕੇ ਸਾਡੇ ਹੱਥਾਂ ਦੀ ਕਿਸਮਤ ਦੀਆਂ ਲਕੀਰਾਂ ਬਦਲ ਦੇਣਗੇ। ਸ਼ੁਰੂ-ਸ਼ੁਰੂ ਵਿੱਚ ਦੋਵੇਂ ਕੁਝ ਪੈਸਾ ਬਚਾ ਕੇ ਪਿੰਡ ਵਿੱਚ ਮਨੀਆਰਡਰ ਰਾਹੀਂ ਭੇਜ ਦਿੰਦੇ ਸਨ, ਪਰ ਬਾਅਦ ਦੇ ਦਿਨਾਂ ਵਿੱਚ ਲੋੜਾਂ ਵਧਦੀਆਂ ਗਈਆਂ। ਮਾਂ ਅਤੇ ਭਰਜਾਈ ਇਹੀ ਸੋਚ ਕੇ ਖੁਸ਼ ਰਹਿੰਦੀਆਂ ਸਨ ਕਿ ਚਲੋ ਸਭ ਰਾਜ਼ੀ-ਖੁਸ਼ੀ ਨਾਲ ਹਨ। ਸਭ ਲੋਕ ਸਾਲ ਵਿੱਚ ਇੱਕ ਅੱਧ ਵਾਰ ਪਿੰਡ ਆ ਜਾਂਦੇ ਤਾਂ ਜਿਵੇਂ ਪੁਰਾਣੇ ਦਿਨ ਪਰਤ ਆਉਂਦੇ। ਉਹ ਦੋਵੇਂ ਪਿੰਡ ਵਿੱਚ ਮਜ਼ਦੂਰੀ ਤੇ ਪੁਰਖਿਆਂ ਦੀ ਜ਼ਮੀਨ 'ਚ ਇੰਨੀ ਫਸਲ ਉਗਾ ਹੀ ਲੈਂਦੀਆਂ ਸਨ ਕਿ ਜਦ ਰਤਨ ਅਤੇ ਦੁਲੀ ਚੰਦ ਸ਼ਹਿਰ ਮੁੜਦੇ ਤਾਂ ਉਨ੍ਹਾਂ ਦੇ ਨਾਲ ਅਨਾਜ ਆਦਿ ਚੀਜ਼ਾਂ ਉਨ੍ਹਾਂ ਦੀਆਂ ਗਠੜੀਆਂ ਵਿੱਚ ਬੱਝੀਆਂ ਹੁੰਦੀਆਂ। ਕੁਝ ਦਿਨ ਪਿੰਡ ਦੀ ਖੁੱਲ੍ਹੀ ਹਵਾ ਵਿੱਚ ਸਾਹ ਲੈ ਕੇ, ਪੁਰਖਿਆਂ ਦੇ ਖੇਤ ਦੀ ਮਿੱਟੀ ਨੂੰ ਛੂਹ ਕੇ ਅਤੇ ਉਸ ਕੱਚੇ ਮਕਾਨ ਦੀ ਛਾਇਆ ਵਿੱਚ ਰਹਿ ਕੇ ਉਹ ਫਿਰ ਉਸੇ ਬਦਬੂ ਮਾਰਦੀ ਬਸਤੀ ਦੇ ਉਸ ਛੋਟੇ ਜਿਹੇ ਕਮਰੇ ਵਿੱਚ ਸਮਾ ਜਾਂਦੇ, ਜਿੱਥੇ ਉਨ੍ਹਾਂ ਦੇ ਚਾਰੇ ਪਾਸੇ ਉਨ੍ਹਾਂ ਵਰਗੇ ਲੋਕ ਆਪਣੀ ਜ਼ਿੰਦਗੀ ਬਸਰ ਕਰਨ ਨੂੰ ਮਜਬੂਰ ਸਨ। ਦਿਨ ਗੁਜਰ ਰਹੇ ਸਨ। ਤਦ ਅਚਾਨਕ ਇਹ ਕਹਿਰ ਟੁੱਟ ਪਿਆ।

ਕੁਦਰਤੀ ਕਹਿਰ ਅਤੇ ਮਹਾਮਾਰੀਆਂ ਉਨ੍ਹਾਂ ਨੇ ਪਿੰਡਾਂ ਵਿੱਚ ਵੀ ਬਹੁਤ ਦੇਖੀਆਂ ਸਨ, ਪਰ ਇਹ ਉਨ੍ਹਾਂ ਸਭ ਤੋਂ ਵੱਖ ਸੀ। ਵੱਖ ਅਤੇ ਸਭ ਤੋਂ ਵੱਡੀ। ਇੱਕ ਨਵੀਂ ਬਿਮਾਰੀ ਦੀ ਇਨਫੈਕਸ਼ਨ ਨੇ ਅਚਾਨਕ ਪੂਰੀ ਦੁਨੀਆ 'ਤੇ ਹਮਲਾ ਕਰ ਦਿੱਤਾ ਸੀ। ਕਈ ਦੇਸ਼ਾਂ ਵਿੱਚ ਹਜ਼ਾਰਾਂ ਲੋਕ ਮਰ ਰਹੇ ਸਨ। ਦੇਸ਼ ਵਿੱਚ ਵੀ ਸਰਕਾਰ ਨੇ ਲੋਕਾਂ ਨੂੰ ਬਿਮਾਰੀ ਤੋਂ ਬਚਾਉਣ ਲਈ ਲਾਕਡਾਊਨ ਕਰ ਦਿੱਤਾ। ਲਾਕਡਾਊਨ ਯਾਨੀ ਸਭ ਕੁਝ ਬੰਦ। ਦੁਕਾਨਾਂ, ਬਾਜ਼ਾਰ, ਫੈਕਟਰੀਆਂ, ਸੜਕਾਂ ਅਤੇ ਆਵਾਜਾਈ ਸਭ ਬੰਦ। ਹਾਲਾਤ ਦੇਖਦੇ ਹੋਏ ਲਾਕਡਾਊਨ ਨੂੰ ਕੋਈ ਹਫਤਿਆਂ ਤੱਕ ਵਧਾਉਣਾ ਪੈ ਗਿਆ। ਇੱਕ-ਇੱਕ ਦਿਨ ਉਨ੍ਹਾਂ ਲੋਕਾਂ ਲਈ ਮੁਸ਼ਕਲ ਹੋ ਰਿਹਾ ਸੀ। ਮਦਦ ਦੇ ਲਈ ਉਠੇ ਹੱਥਾਂ ਨਾਲ ਢਿੱਡ ਤਾਂ ਭਰ ਜਾਂਦਾ ਹੈ, ਪਰ ਤਮਾਮ ਚਿੰਤਾਵਾਂ ਸਿਰ ਉਠਾਉਣ ਲੱਗਦੀ ਹਨ।

ਸਰਕਾਰ ਨੇ ਜਿਵੇਂ ਹੀ ਥੋੜ੍ਹੀ ਜਿਹੀ ਢਿੱਲ ਦਿੱਤੀ ਤਾਂ ਰਤਨ ਅਤੇ ਦੁਲੀ ਚੰਦ ਆਪਣਾ ਜ਼ਰੂਰੀ ਸਾਮਾਨ ਸਮੇਟ ਕੇ ਪਿੰਡ ਵੱਲ ਨਿਕਲ ਪਏ। ਸੜਕਾਂ 'ਤੇ ਵਾਹਨ ਤਾਂ ਚੱਲਣੇ ਨਹੀਂ ਸਨ, ਇਸ ਲਈ ਉਨ੍ਹਾਂ ਨੇ ਸਫਰ ਪੈਦਲ ਤੈਅ ਕਰਨਾ ਸੀ। ਤਮਾਮ ਪ੍ਰੇਸ਼ਾਨੀਆਂ ਨੂੰ ਸਹਿੰਦੇ ਹੋਏ ਉਹ ਕਿਸੇ ਵੀ ਤਰ੍ਹਾਂ ਆਪਣੇ ਪਿੰਡ ਪਹੁੰਚ ਜਾਣਾ ਚਾਹੁੰਦੇ ਸਨ। ਅਕਾਲ ਤੋਂ ਡਰ ਕੇ ਸ਼ਹਿਰ ਦੀ ਰਾਹ ਫੜੀ ਸੀ ਅਤੇ ਹੁਣ ਉਨ੍ਹਾਂ ਨੇ ਬਿਮਾਰੀ ਤੋਂ ਘਬਰਾ ਕੇ ਪਿੰਡ ਦੀ ਰਾਹ ਫੜ ਲਈ ਸੀ।

ਪਿੰਡ ਪਹੁੰਚ ਕੇ ਕੁਝ ਦਿਨ ਤਾਂ ਸਾਰੇ ਹਿਫਾਜ਼ਤ ਦੇ ਲਈ ਅਲੱਗ ਰਹੇ। ਫਿਰ ਇੱਕ ਰਾਤ ਘਰ ਵਿੱਚ ਸਾਰਿਆਂ ਦੇ ਨਾਲ ਗੱਲਾਂ ਦਾ ਸਿਲਸਿਲਾ ਚੱਲਿਆ ਤਾਂ ਅਚਾਨਕ ਮਾਂ ਨੇ ਕਿਹਾ, "ਤੁਸੀਂ ਲੋਕ ਬੁਰਾ ਨਾ ਮੰਨੋ ਤਾਂ ਇੱਕ ਗੱਲ ਕਹਾਂ?"

ਰਤਨ ਨੇ ਕਿਹਾ, "ਮਾਂ, ਤੁਹਾਡੀ ਗੱਲ ਦਾ ਕਦੋਂ ਕਿਸੇ ਨੇ ਬੁਰਾ ਮੰਨਿਆ ਹੈ। ਦੱਸੋ ਤੁਹਾਡੇ ਮਨ ਵਿੱਚ ਕੀ ਹੈ।" ਮਾਂ ਨੇ ਕਹਿਣਾ ਸ਼ੁਰੂ ਕੀਤਾ, "ਤੁਸੀਂ ਲੋਕ ਕੁਝ ਪੈਸਿਆਂ ਲਈ ਉਥੇ ਪਸੀਨਾ ਵਹਾਉਂਦੇ ਹੋ। ਪਰਵਾਰ ਦੋ ਥਾਂਈਂ ਵੰਡਿਆ ਜਾਂਦਾ ਹੈ। ਦੋ ਚੁੱਲ੍ਹੇ ਬਲਦੇ ਹਨ। ਇਥੇ ਪੁਰਖਿਆਂ ਦੀ ਛੇ ਵੀਘੇ ਜ਼ਮੀਨ ਹੈ। ਜੇ ਕਿਸੇ ਤਰ੍ਹਾਂ ਪਾਣੀ ਦਾ ਇੰਤਜ਼ਾਮ ਹੋ ਸਕੇ ਤਾਂ ਸਬਜ਼ੀਆਂ ਦੀ ਖੇਤੀ ਅਤੇ ਖਾਣ ਲਾਇਕ ਅਨਾਜ-ਦਾਲਾਂ ਤਾਂ ਪੈਦਾ ਹੋ ਹੀ ਸਕਦੀਆਂ ਹਨ।"

ਦੁਲੀ ਚੰਦ ਨੇ ਬੈਠਣ ਦਾ ਪੈਂਤਰਾ ਬਦਲਦੇ ਹੋਏ ਚਿੰਤਤ ਸੁਰ ਵਿੱਚ ਕਿਹਾ, "ਗੱਲ ਤਾਂ ਸਹੀ ਹੈ ਭਰਜਾਈ, ਪਰ ਪਾਣੀ ਲਈ ਟਿਊਬਵੈਲ ਲਾਉਣ ਦਾ ਪੈਸਾ ਕਿੱਥੋਂ ਆਏਗਾ। ਫਿਰ ਪੰਪ, ਪਾਈਪ, ਬਿਜਲੀ ਸਭ ਖਰਚਾ ਜੋੜ ਕੇ ਬਹੁਤ ਹੋ ਜਾਂਦਾ ਹੈ। ਇਸ ਦੇ ਕਰਜ਼ੇ ਵਿੱਚ ਤਾਂ ਜ਼ਮੀਨ ਹੱਥ ਵਿੱਚੋਂ ਚਲੀ ਜਾਏਗੀ।"

ਕੰਧ ਨਾਲ ਪਿੱਠ ਟਿਕਾਈ ਰਤਨ ਚੁੱਪ ਬੈਠਾ ਸੀ। ਉਸ ਦਾ ਦਿਮਾਗ ਤੇਜ਼ੀ ਨਾਲ ਘੁੰਮ ਰਿਹਾ ਸੀ। ਉਸ ਨੂੰ ਬਚਪਨ ਦੀ ਖੇਡ ਯਾਦ ਆ ਰਹੀ ਸੀ, ਜਿਸ ਵਿੱਚ ਗੋਲ ਝੁੰਡ ਬਣਾ ਕੇ ਬੱਚੇ ਝੁੰਡ ਦੇ ਬਾਹਰੋਂ ਲੰਘਦੇ ਇੱਕ ਬੱਚੇ ਨੂੰ ਕਹਿੰਦੇ ਕਿ ਬਾਬਾ ਜੀ ਕਿੱਥੇ ਜਾ ਰਹੇ ਹੋ। ਉਹ ਕਹਿੰਦਾ, ਦੂਰ ਨਦੀ 'ਤੇ ਨਹਾਉਣ। ਬੱਚੇ ਆਪਣੇ ਗੋਲੇ ਦੇ ਅੰਦਰ ਕੁੰਡੀਨੁਮਾ ਆਕਾਰ ਦਿਖਾ ਕੇ ਕਹਿੰਦੇ ਕਿ ਇਥੇ ਹੀ ਨਹਾ ਲਓ ਤਾਂ ਬਾਬਾ ਬਣਿਆ ਬੱਚਾ ਕਹਿੰਦਾ, ਇਹ ਬਹੁਤ ਛੋਟੀ ਹੈ। ਬੱਚੇ ਕਹਿੰਦੇ ਥੋੜ੍ਹੀ ਮਿਹਨਤ ਕਰੋ ਤਾਂ ਵੱਡੀ ਹੋ ਜਾਏਗੀ। ਬਾਬਾ ਜੀ ਕੁੰਡੀ ਵਿੱਚ ਉਤਰਦੇ ਯਾਨੀ ਗੋਲੇ ਵਿੱਚ ਆਉਂਦੇ ਅਤੇ ਕਹੀ ਚਲਾਉਣ ਦਾ ਨਾਟਕ ਕਰਦੇ। ਬੱਚੇ ਆਪਣੇ ਹੱਥ ਫੈਲਾ ਕੇ ਉਨ੍ਹਾਂ ਦੇ ਆਸਪਾਸ ਦਾ ਗੋਲਾ ਹੌਲੀ-ਹੌਲੀ ਵਧਾਉਂਦੇ ਜਾਂਦੇ ਅਤੇ ਗਾਉਂਦੇ 'ਇੰਨਾ ਇੰਨਾ ਪਾਣੀ, ਗੋਲ-ਗੋਲ ਪਾਣੀ' ਇਸ ਤਰ੍ਹਾਂ ਛੋਟੀ ਜਿਹੀ ਕੁੰਡੀ ਦੇਖਦੇ ਹੀ ਦੇਖਦੇ ਵੱਡੀ ਹੋ ਜਾਂਦੀ।

ਰਤਨ ਨੇ ਫੈਸਲੇ ਵਾਂਗ ਕਿਹਾ, "ਮਾਂ, ਅਸੀਂ ਸ਼ਹਿਰ ਮੁੜ ਕੇ ਨਹੀਂ ਜਾਵਾਂਗੇ। ਬਹੁਤ ਹੋਇਆ। ਅਸੀਂ ਸਭ ਇਥੇ ਇਸ ਜ਼ਮੀਨ 'ਚੋਂ ਆਪਣੀ ਰੋਟੀ ਕਮਾਵਾਂਗੇ। ਅਸੀਂ ਆਪਣੇ ਪਸੀਨੇ ਨਾਲ ਖੂਹ ਪੁੱਟਾਂਗੇ ਅਤੇ ਖੇਤੀ ਕਰਾਂਗੇ। ਬੱਚਿਆਂ ਨੂੰ ਕਸਬੇ ਦੇ ਸਕੂਲ ਵਿੱਚ ਪੜ੍ਹਨ ਭੇਜਾਂਗੇ।"

ਦੂਸਰੇ ਦਿਨ ਸਵੇਰ ਦਾ ਸੂਰਜ ਮੁਸਕਰਾ ਰਿਹਾ ਸੀ। ਮਾਂ ਨੇ ਜ਼ਮੀਨ 'ਤੇ ਪਹਿਲੀ ਕਹੀ ਚਲਾਈ। ਫਿਰ ਪੁਰਖਿਆਂ ਦੀ ਜ਼ਮੀਨ ਕਹੀਆਂ ਅਤੇ ਫਾਵੜਿਆਂ ਦੀਆਂ ਆਵਾਜ਼ਾਂ ਨਾਲ ਤਦ ਤੱਕ ਗੂੰਜਦੀ ਰਹੀ, ਜਦ ਤੱਕ ਉਸ ਵਿੱਚ ਪਾਣੀ ਦੀ ਝਿਰੀ ਨਾ ਫੁੱਟ ਪਈ। ਲਾਕਡਾਊਨ ਵਿੱਚ ਖਾਲੀ ਬੈਠਣ ਦੀ ਬਜਾਏ ਪੂਰਾ ਪਰਵਾਰ ਖੂਹ ਪੁੱਟਣ ਵਿੱਚ ਲੱਗਾ ਰਿਹਾ। ਇਹ ਪਾਣੀ ਜ਼ਮੀਨ 'ਚੋਂ ਨਿਕਲਿਆ ਸੀ, ਪਰ ਇਸ ਦੀ ਚਮਕ ਉਨ੍ਹਾਂ ਦੇ ਚਿਹਰਿਆਂ 'ਤੇ ਸਾਫ ਦਿੱਸਦੀ ਸੀ। ਪਾਣੀਦਾਰ ਚਮਕ। ਸਿਰਫ 10-15 ਦਿਨਾਂ ਦੀ ਸਖਤ ਮਿਹਨਤ ਨੇ ਉਨ੍ਹਾਂ ਦੇ ਸੁਫਨਿਆਂ ਦੀ ਉਡਾਣ ਨੂੰ ਖੰਭ ਲਾ ਦਿੱਤੇ ਸਨ।

ਇਸੇ ਦੌਰਾਨ ਅਨਲਾਕ ਸ਼ੁਰੂ ਹੋਇਆ ਤਾਂ ਰਤਨ ਨੇੜੇ ਦੇ ਕਸਬੇ 'ਚੋਂ ਬੀਜ ਅਤੇ ਪਾਈਪ ਆਦਿ ਜ਼ਰੂਰੀ ਸਾਮਾਨ ਲੈ ਆਇਆ। ਜ਼ਮੀਨ 'ਤੇ ਉਨ੍ਹਾਂ ਦੀਆਂ ਉਮੀਦਾਂ ਦੀ ਫਸਲ ਦੇ ਬੀਜ ਫੁੱਟ ਆਏ ਹਨ। ਅਸਮਾਨ ਵਿੱਚ ਕਾਲੀ ਰੂੰਅ ਦੇ ਫਾਹਿਆਂ ਦੀ ਤਰ੍ਹਾਂ ਦੇ ਬੱਦਲ ਘਿਰ ਆਏ ਹਨ ਅਤੇ ਛੋਟੇ-ਛੋਟੇ ਪੌਦੇ ਮੁਸਕਰਾ ਲਹੇ ਹਨ। ਰਤਨ ਅਤੇ ਦੁਲੀ ਚੰਦ ਦੀਆਂ ਅੱਖਾਂ ਵਿੱਚ ਕੋਈ ਸੁਫਨਾ ਝਿਲਮਿਲਾ ਰਿਹਾ ਸੀ। ਉਹ ਕਦੇ 'ਆਪਣੀ ਜ਼ਮੀਨ' ਛੱਡ ਕੇ ਕਿਤੇ ਨਹੀਂ ਜਾਣਗੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

**WAREHOUSE ORDER PICKER** (For a Food distribution company in Scarborough)

**Job Description:**

- Order picking and packing as well as stocking up of shelves.
- Contribute to daily inbound or outbound warehouse operations.
- Palletize and wrap skids, Organize warehouse space, Pick and load orders quickly and accurately and other duties as required.

**Requirements:**

- 2 positions, Preferred Experience - 2-3 yrs. in food wholesale/distribution warehouse. Students/New Immigrants Welcome.
- Capable of lifting up to 50lbs
- Able to speak English
- Full time/ Part time Monday - Friday
- Hourly Rate - Order Picker - $18 to $21, depending upon experience.


Please send your resumes by email at siva@srimi.com or by fax at +1 647-351-7157 or Call Ram at +1 647-831-9149 (Morning) or Siva at +1 416-666-8525 (Evening).




ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆਂ ਦੀ ਤੁਰੰਤ ਜਰੂਰਤ ਹੈ । ਮਟਰ ਤੋੜਨ ਲਈ ਬੀਬੀਆਂ ਦੀ ਵੀ ਲੋੜ ਹੈ। ਪੀਕ ਅਪ ਅਤੇ ਡਰਾਪ ਆਫ ਦਾ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਰੀ ਲਈ ਸੰਪਰਕ ਕਰੋ:
ਸੂਬੇਦਾਰ ਗਰੇਵਾਲ
647-400-0060
ਜਾਂ ਬਲਬੀਰ
289-541-5384












GUNTAAS RADIO AM 530
Monday to Friday 10am to 11am

Jaswinder Kaur Taggar
jaswindertaggar3@yahoo.ca

647-765-2340 • For Marketing 647-656-6648



# ਸਿਆਸਤ ਦੇ ਅਪਰਾਧੀਕਰਨ ਨੇ ਨਵੀਂਆਂ ਉਚਾਈਆਂ ਛੂਹ ਲਈਆਂ

-ਕਲਿਆਣੀ ਸ਼ੰਕਰ-

ਭਾਜਪਾ ਪ੍ਰਧਾਨ ਜੇ ਪੀ ਨੱਡਾ ਨੇ ਹਾਲ ਹੀ 'ਚ ਇੱਕ ਵਰਚੁਅਲ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ, ''ਸਿਆਸਤ ਦੇ ਅਪਰਾਧੀਕਰਨ ਨੇ ਨਵੀਂਆਂ ਉਚਾਈਆਂ ਨੂੰ ਛੂਹ ਲਿਆ ਹੈ। ਅਸੀਂ ਬੰਗਾਲ 'ਚ ਕੱਟ ਮਨੀ ਬਾਰੇ ਸੁਣ ਰਹੇ ਹਾਂ। ਸਾਨੂੰ ਇਨ੍ਹਾਂ ਨੇਤਾਵਾਂ ਦੇ ਆਕਾਰ 'ਚ ਕਟੌਤੀ ਕਰਨ ਦੀ ਲੋੜ ਹੈ, ਜੋ ਕੱਟ ਮਨੀ ਦੀ ਮੰਗ ਕਰਦੇ ਹਨ। ਸਾਨੂੰ ਬੰਗਾਲ ਦੀ ਸ਼ਾਨੋ-ਸ਼ੌਕਤ ਨੂੰ ਮੁੜ ਸਥਾਪਿਤ ਕਰਨ ਦੀ ਜ਼ਰੂਰਤ ਹੈ ਅਤੇ ਪੱਛਮੀ ਬੰਗਾਲ ਦੀ ਸਰਕਾਰ ਦੇ ਲਾਕ, ਸਟਾਕ ਤੇ ਬੈਰਲ ਨੂੰ ਜੜ੍ਹੋਂ ਖਤਮ ਕਰ ਦਿਓ।'' ਆਪਣੇ ਭਾਸ਼ਣ 'ਚ ਨੱਡਾ ਬਿਲਕੁਲ ਸਹੀ ਸਨ, ਕਿਉਂਕਿ ਇੱਕ ਹਫ਼ਤਾ, ਜੋ ਵਾਪਰਿਆ, ਉਸ ਨੇ ਇਹ ਪੁਸ਼ਟੀ ਕਰ ਦਿੱਤੀ ਕਿ ਜ਼ਰੂਰਤ ਸਿਆਸਤ ਦੇ ਅਪਰਾਧੀਕਰਨ 'ਤੇ ਰੋਕ ਲਾਉਣ ਦੀ ਹੈ। ਪਿਛਲੇ ਹਫਤੇ ਯੂ ਪੀ ਦੇ ਡਾਨ ਵਿਕਾਸ ਦੁਬੇ ਦਾ ਐਨਕਾਊਂਟਰ ਕਰ ਕੇ ਉਸ ਦੀ ਹੱਤਿਆ ਕਰ ਦਿੱਤੀ ਗਈ। ਪੁਲਸ ਨੇ ਇੱਕ ਵਾਰ ਫਿਰ ਸਿਆਸਤਦਾਨਾਂ ਅਤੇ ਮੁਲਜ਼ਮਾਂ ਵਿਚਾਲੇ ਗੰਢਤੁੱਪ 'ਤੇ ਧਿਆਨ ਕੇਂਦ੍ਰਿਤ ਕੀਤਾ ਅਤੇ ਇਸ 'ਤੇ ਇੱਕ ਵੱਡੀ ਬਹਿਸ ਛਿੜ ਚੁੱਕੀ ਹੈ।

ਦੁਬੇ ਨੂੰ ਸ਼ੁੱਕਰਵਾਰ ਪੁਲਸ ਨੇ ਮਾਰ-ਮੁਕਾਇਆ। ਪੁਲਸ ਦਾ ਦਾਅਵਾ ਸੀ ਕਿ ਉਸ ਨੇ ਓਦੋਂ ਭੱਜਣ ਦੀ ਕੋਸ਼ਿਸ਼ ਕੀਤੀ, ਜਦੋਂ ਉਸ ਨੂੰ ਲਿਜਾਣ ਵਾਲੀ ਕਾਰ ਉੱਜੈਨ ਸ਼ਹਿਰ ਦੇ ਬਾਹਰੀ ਇਲਾਕੇ 'ਚ ਪਲਟ ਗਈ। ਇਸ ਤੋਂ ਪਹਿਲਾਂ ਤਿੰਨ ਜੁਲਾਈ ਨੂੰ ਦੁਬੇ ਨੇ ਅੱਠ ਪੁਲਸ ਮੁਲਾਜ਼ਮਾਂ ਦੀ ਕਾਨਪੁਰ 'ਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਹ ਦੋਸ਼ ਲੱਗਾ ਸੀ ਕਿ ਕੁਝ ਸਿਆਸੀ ਤੇ ਪੁਲਸ ਅਫਸਰ ਉਸਦਾ ਸੁਰੱਖਿਆ ਕਵਚ ਬਣੇ ਹੋਏ ਸਨ। ਉਸਦੀ ਗ੍ਰਿਫ਼ਤਾਰੀ ਤੇ ਐਨਕਾਊਂਟਰ 'ਤੇ ਕਈ ਅਸੁਵਿਧਾਜਨਕ ਸਵਾਲ ਉਠਾ ਰਹੇ ਹਨ।

ਯੂ ਪੀ 'ਚ ਵਿਰੋਧੀ ਪਾਰਟੀਆਂ ਭਾਜਪਾ ਦੀ ਯੋਗੀ ਆਦਿੱਤਿਆਨਾਥ ਸਰਕਾਰ 'ਤੇ ਦੋਸ਼ ਲਾ ਰਹੀਆਂ ਹਨ ਕਿ ਇਸ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਉਸ ਇਹ ਭੁੱਲਦੇ ਹਨ ਕਿ ਕਈ ਹੋਰ ਪਾਰਟੀਆਂ, ਜਿਨ੍ਹਾਂ ਨੇ ਯੂ ਪੀ 'ਤੇ ਕਈ ਸਾਲਾਂ ਤੱਕ ਸ਼ਾਸਨ ਕੀਤਾ, ਨੇ ਹੀ ਦੁਬੇ ਨੂੰ ਡਾਨ ਬਣਨ 'ਚ ਸਹਾਇਤਾ ਕੀਤੀ ਸੀ। ਮਾਇਆਵਤੀ, ਅਖਿਲੇਸ਼ ਯਾਦਵ ਤੋਂ ਲੈ ਕੇ ਪ੍ਰਿਯੰਕਾ ਗਾਂਧੀ ਵਾਡਰਾ ਤੱਕ ਯੂ ਪੀ ਦੇ ਕਈ ਨੇਤਾਵਾਂ ਨੇ ਇਹ ਮੰਗ ਕੀਤੀ ਹੈ ਕਿ ਇਸਦੀ ਜਾਂਚ ਕਰਵਾਈ ਜਾਵੇ। ਉਨ੍ਹਾਂ ਨੇ ਦੋਸ਼ ਲਾਇਆ ਕਿ ਯੂ ਪੀ ਸਰਕਾਰ ਨੂੰ ਬਚਾਉਣ ਲਈ ਗੈਂਗਸਟਰ ਦੀ ਹੱਤਿਆ ਕਰ ਦਿੱਤੀ ਹੈ।

ਸਾਬਕਾ ਡੀ ਜੀ ਪੀ ਅਤੇ ਪ੍ਰਸਿੱਧ ਰਾਜਦੂਤ ਜੂਲੀਓ ਰਿਬੈਰੋ ਨੇ ਆਪਣੀ ਰਾਏ ਸੰਖੇਪ ਕਰ ਕੇ ਕਿਹਾ ਕਿ ''ਵਿਕਾਸ ਦੁਬੇ ਇੱਕ ਸਥਾਨਕ ਗੁੰਡਾ ਸੀ, ਜਿਸ ਦਾ ਇਲਾਕਾ ਉਤਰ ਪ੍ਰਦੇਸ਼ ਦੇ ਕੁਝ ਜ਼ਿਲ੍ਹਿਆਂ ਤੋਂ ਅੱਗੇ ਨਹੀਂ ਵਧਿਆ ਸੀ। ਉਸ ਨੇ ਪੁਲਸ ਲਈ ਆਪਣਾ ਸਾਰਾ ਸਨਮਾਨ ਗੁਆ ਦਿੱਤਾ। ਇਸ ਦਾ ਜਵਾਬ ਤਿਆਰ ਕਰਨਾ ਸੌਖਾ ਨਹੀਂ ਸੀ।

ਤਿੰਨ ਦਹਾਕਿਆਂ ਦੇ ਲੰਬੇ ਅਪਰਾਧਿਕ ਕਰੀਅਰ 'ਚ ਵਿਕਾਸ ਦੁਬੇ ਆਪਣੇ ਆਪ 'ਚ ਮਿਸਾਲ ਹੈ ਕਿ ਕਿਵੇਂ ਇੱਕ ਨਿੱਕਾ ਜਿਹਾ ਗੁੰਡਾ ਭ੍ਰਿਸ਼ਟ ਸਿਸਟਮ ਦੀ ਮਦਦ ਨਾਲ ਇੰਨੇ ਵੱਡੇ ਅਪਰਾਧੀ ਨੈਟਵਰਕ ਦਾ ਮੁਖੀ ਬਣ ਗਿਆ? ਓਥੇ ਯੋਗੀ ਆਦਿੱਤਿਆਨਾਥ ਸਰਕਾਰ ਦੇ ਸੱਤਾ 'ਚ ਆਉਣ ਪਿੱਛੋਂ ਦੁਬੇ ਦੀ ਮੌਤ ਸੂਬੇ ਦਾ ਇੱਕ 118ਵਾਂ ਪੁਲਸ ਮੁਕਾਬਲਾ ਹੈ। ਮਾੜੀ ਕਿਸਮਤ ਨਾਲ ਪੁਲਸ ਮੁਕਾਬਲੇ ਨੇ ਮੌਤ ਅਤੇ ਸੱਚਾਈ ਨੂੰ ਦਫਨ ਕਰ ਦਿੱਤਾ ਹੈ ਕਿਉਂਕਿ ਜੇ ਦੁਬੇ ਨੂੰ ਜ਼ਿੰਦਾ ਰਹਿਣਾ ਸੀ, ਨਾ ਕਿ ਮਰਨਾ ਸੀ, ਤਾਂ ਉਸ ਦਾ ਸਮਰਥਨ ਕਰਨ ਵਾਲੇ ਲੋਕਾਂ ਦਾ ਨਾਂ ਉਜਾਗਰ ਹੋ ਸਕਦਾ ਹੈ।

ਕਈਆਂ ਦਾ ਮੰਨਣਾ ਹੈ ਕਿ ਵਿਕਾਸ ਦੁਬੇ ਦੀ ਹੱਤਿਆ ਕਾਨੂੰਨ ਤੋਂ ਬਾਹਰ ਰਹਿ ਕੇ ਕੀਤੀ ਗਈ ਤੇ ਪੁਲਸ ਮੁਕਾਬਲੇ ਰਾਹੀਂ ਦਿੱਤੀ ਗਈ ਮੌਤ ਇੱਕ ਉਚਿਤ ਸਜ਼ਾ ਨਹੀਂ। ਉਸ ਨੂੰ ਕਾਨੂੰਨੀ ਪ੍ਰਕਿਰਿਆ 'ਚੋਂ ਲੰਘਣ ਦੀ ਲੋੜ ਸੀ। ਨਿਆਂ ਪ੍ਰਣਾਲੀ ਵੀ ਬਰਾਬਰ ਦੀ ਦੋਸ਼ੀ ਹੈ ਕਿ ਉਸ ਦੇ ਵਿਰੁੱਧ 60 ਅਪਰਾਧਿਕ ਕੇਸ ਹੋਣ ਦੇ ਬਾਵਜੂਦ ਉਹ ਜ਼ਮਾਨਤ 'ਤੇ ਬਾਹਰ ਰਹਿਣ 'ਚ ਕਾਮਯਾਬ ਹੋ ਸਕਿਆ।

ਅਖਰਾਧੀਕਰਨ ਦਾ ਮਾਮਲਾ ਪਬਲਿਕ ਫੋਰਮ 'ਚ ਕਈ ਵਾਰ ਬਹਿਸ ਦਾ ਮੁੱਦਾ ਬਣਿਆ ਹੈ। 80 ਦੇ ਦਹਾਕੇ ਤੋਂ ਬਾਅਦ ਨੇਤਾਵਾਂ ਤੇ ਅਪਰਾਧੀਆਂ ਦੀ ਗੁੰਢਤੁੱਪ ਦਾ ਟ੍ਰੈਂਡ ਉਪਰ ਜਾਂਦਾ ਦਿਖਾਈ ਦਿੱਤਾ। ਸਿਆਸੀ ਨੇਤਾ ਅਪਰਾਧੀਆਂ ਦੀ ਪਹਿਲਾਂ ਤੋਂ ਵਰਤੋਂ ਕਰਦੇ ਆ ਰਹੇ ਹਨ। ਇਹ ਸੋਚਦੇ ਹਨ ਕਿ ਉਹ ਵੀ ਚੋਣ ਜਿੱਤ ਕੇ ਪਾਰਲੀਮੈਂਟ 'ਚ ਪਹੁੰਚ ਜਾਣਗੇ।

ਪਿਛਲੀਆਂ ਚਾਰ ਚੋਣਾਂ 'ਚ ਸਿਆਸਤ ਦੇ ਅਪਰਾਧੀਕਰਨ ਦਾ ਟ੍ਰੈਂਡ ਵਧ ਰਿਹਾ ਸੀ, ਜੋ ਇੱਕ ਚਿੰਤਾਜਨਕ ਗੱਲ ਸੀ। ਦਿਲਚਸਪ ਗੱਲ ਇਹ ਹੈ ਕਿ ਸੁਪਰੀਮ ਕੋਰਟ ਦੇ ਫ਼ੈਸਲੇ ਨੇ ਇਹ ਵੀ ਨੋਟ ਕੀਤਾ ਕਿ ''ਸਾਲ 2004 ਵਿੱਚ 24 ਫ਼ੀਸਦੀ ਪਾਰਲੀਮੈਂਟ ਮੈਂਬਰਾਂ ਦਾ ਅਪਰਾਧਿਕ ਰਿਕਾਰਡ ਸੀ। ਉਨ੍ਹਾਂ ਵਿਰੁੱਧ ਅਪਰਾਧਿਕ ਮਾਮਲੇ ਪੈਂਡਿੰਗ ਹਨ।'' 2009 'ਚ ਇਹ ਵਧ ਕੇ 30 ਫ਼ੀਸਦੀ ਹੋ ਗਿਆ। 2014 'ਚ 34 ਫ਼ੀਸਦੀ ਅਤੇ 2019 'ਚ 43 ਫ਼ੀਸਦੀ ਪਾਰਲੀਮੈਂਟ ਮੈਂਬਰਾਂ ਵਿਰੁੱਧ ਅਪਰਾਧਿਕ ਕੇਸ ਪੈਂਡਿੰਗ ਸਨ।''

ਅੱਜ ਸਮੇਂ ਦੀ ਲੋੜ ਕਾਨੂੰਨੀ ਸੁਧਾਰਾਂ ਦੀ ਹੈ। ਇਸਦੇ ਨਾਲ ਪੁਲਸ ਤੇ ਚੋਣ ਸੁਧਾਰ ਵੀ ਲੰਬੇ ਸਮੇਂ ਤੋਂ ਪੈਂਡਿੰਗ ਪਏ ਹਨ। ਮਿਸਾਲ ਦੇ ਤੌਰ 'ਤੇ ਚੋਣ ਸੁਧਾਰਾਂ 'ਤੇ ਕਈ ਰਿਪੋਰਟਾਂ, ਜਿਨ੍ਹਾਂ 'ਚ ਦਿਨੇਸ਼ ਗੋਸਵਾਮੀ ਕਮੇਟੀ ਵੀ ਸ਼ਾਮਲ ਹੈ, ਬਿਨਾਂ ਵਰਤੋਂ ਦੇ ਪਈਆਂ ਹੋਈਆਂ ਹਨ। ਚੋਣ ਕਮਿਸ਼ਨ ਨੂੰ ਹੋਰ ਸ਼ਕਤੀਆਂ ਦਿੱਤੇ ਜਾਣ ਦੀ ਜ਼ਰੂਰਤ ਹੈ। ਮੁਲਜ਼ਮਾਂ, ਪੁਲਸ ਅਤੇ ਸਿਆਸਤਾਨਾਂ ਵਿਚਾਲੇ ਗੰਢਤੁੱਪ ਨੂੰ ਪਰਖਣ ਦੀ ਲੋੜ ਹੈ। ਪੁਲਸ ਸੁਧਾਰਾਂ, ਚੋਣ ਸੁਧਾਰਾਂ ਅਤੇ ਕਾਨੂੰਨੀ ਸੁਧਾਰਾਂ 'ਤੇ ਕਈ ਰਿਪੋਰਟਾਂ ਹਨ। ਉਨ੍ਹਾਂ ਤੋਂ ਮਿੱਟੀ-ਘੱਟਾ ਸਾਫ ਕਰਨ ਅਤੇ ਉਨ੍ਹਾਂ ਨੂੰ ਲਾਗੂ ਕਰਨ ਦੀ ਜ਼ਰੂਰਤ ਹੈ।

ਦਿਲਚਸਪ ਗੱਲ ਇਹ ਹੈ ਕਿ ਕਈ ਅਪਰਾਧੀ ਸਿਆਸਤ 'ਚ ਪ੍ਰਵੇਸ਼ ਕਰ ਚੁੱਕੇ ਹਨ ਅਤੇ ਕਾਨੂੰਨਘਾੜੇ ਬਣ ਚੁੱਕੇ ਹਨ। ਐਸੋਸੀਏਸ਼ਨ ਆਫ ਡੈਮੋਕ੍ਰੇਟਿਕ ਰਿਫਾਰਮਜ਼ ਦੇ ਅਨੁਸਾਰ 2019 ਵਿੱਚ ਨਵ-ਨਿਯੁਕਤ ਲੋਕ ਸਭਾ ਦੇ ਅੱਧੇ ਮੈਂਬਰਾਂ ਵਿਰੁੱਧ ਅਪਰਾਧਿਕ ਮਾਮਲੇ ਹਨ, ਜਿਨ੍ਹਾਂ ਵਿੱਚ 2014 ਦੀ ਤੁਲਨਾ 'ਚ 26 ਫ਼ੀਸਦੀ ਵਾਧਾ ਹੋ ਚੁੱਕਾ ਹੈ। ਕਈ ਸਰਕਾਰਾਂ ਸੁਧਾਰਾਂ ਬਾਰੇ ਗੱਲ ਕਰਦੀਆਂ ਹਨ ਪਰ ਕੋਈ ਵੀ ਨਿੱਗਰ ਕਦਮ ਚੁੱਕ ਨਹੀਂ ਸਕੀ। ਸਭ ਤੋਂ ਵੱਡੀ ਗੱਲ ਸਿਆਸੀ ਇੱਛਾ ਦੀ ਘਾਟ ਹੋਣਾ ਹੈ ਅਤੇ ਇਸ ਦੇ ਲਈ ਸਾਰੀਆਂ ਪਾਰਟੀਆਂ ਦਾ ਸਮਰਥਨ ਚਾਹੀਦਾ ਹੈ, ਜੋ ਅਜਿਹੇ ਮਾਮਲਿਆਂ ਪ੍ਰਤੀ ਬਿੱਲ ਲਿਆਣ। ਲੋਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਮੁਲਜ਼ਮਾਂ ਨੂੰ ਨਾ ਚੁਣਨ।

# ਸਾਉਣ ਮਹੀਨਾ ਦਿਨ ਤੀਆਂ ਦੇ



-ਸੰਦੀਪ ਕੌਰ ਭੁੱਲਰ-

ਸਾਉਣ ਦੇ ਮਹੀਨੇ 'ਚ ਬਰਸਾਤ ਦੀਆਂ ਕਣੀਆਂ ਨਾਲ ਪੈਂਦੀ ਰਿਮ ਝਿਮ ਦੀ ਫੁਹਾਰ ਸਹਿਜੇ ਹੀ ਹਰ ਦਿਲ ਦੀਆਂ ਤਾਰਾਂ ਨੂੰ ਛੇੜ ਦਿੰਦੀ ਹੈ। ਇਸ ਮੌਸਮ 'ਚ ਕੁਆਰੀਆਂ, ਵਿਆਹੀਆਂ ਕੁੜੀਆਂ ਇਨ੍ਹਾਂ ਕਣੀਆਂ ਦੀ ਫੁਹਾਰ ਅਤੇ ਮੌਸਮ ਦੇ ਨਜ਼ਾਰੇ ਤੋਂ ਅਛੂਤੀਆਂ ਕਿਵੇਂ ਰਹਿ ਸਕਦੀਆਂ ਹਨ :

ਸਾਉਣ ਦਾ ਮਹੀਨਾ
ਉਤੋਂ ਟਿਪ ਟਿਪ ਲਾਈ ਐ,
ਤਾਣ ਛਤਰੀ ਵੇ
ਜੇਹੜੀ ਲੰਡਨੋਂ ਮੰਗਾਈ ਐ

ਆਥਣ ਵਾਲੇ ਇਹ ਸਭ ਇਕੱਠੀਆਂ ਹੁੰਦੀਆਂ ਨੇ ਪਿੱਪਲ ਦੇ ਬੋਹੜ ਦੀ ਛਾਵੇਂ, ਜਿੱਥੇ ਕੋਈ ਕਿੱਕਲੀ ਪਾਉਂਦੀ, ਕੋਈ ਫੁਲਕਾਰੀ ਕੱਢਦੀ, ਕੋਈ ਗੀਤ ਗਾਉਂਦੀ, ਕੋਈ ਗਿੱਧਾ ਅਤੇ ਬੋਲੀਆਂ ਪਾਉਂਦੀ, ਕੋਈ ਪੀਂਘ ਝੂਟਦੀ ਤੇ ਕੋਈ ਆਪਣੇ ਹੀ ਰੰਗ 'ਚ ਮਸਤ ਨੱਚਦੀ ਟੱਪਦੀ ਇਸ ਮੌਸਮ ਦਾ ਆਨੰਦ ਮਾਣਦੀ :

ਛੱਲੀਆਂ ਛੱਲੀਆਂ ਛੱਲੀਆਂ
ਵੀਰਾ ਮੈਨੂੰ ਲੈ ਚੱਲ ਵੇ
ਮੇਰੀਆਂ ਕੱਤਣ ਸਹੇਲੀਆਂ 'ਕੱਲੀਆਂ

ਸਾਰੀਆਂ ਧੀਆਂ-ਧਿਆਣੀਆਂ ਵੱਲੋਂ ਇਕੱਠੀਆਂ ਹੋ ਕੇ ਲਾਏ ਜਾਂਦੇ ਇਸ ਮੇਲੇ ਨੂੰ 'ਤੀਆਂ' ਨਾਂਅ ਦਿੱਤਾ ਗਿਆ, ਇਸ ਨੂੰ ਬੜੇ ਹੀ ਚਾਵਾਂ ਨਾਲ ਕੁੜੀਆਂ, ਸਹੇਲੀਆਂ, ਭੈਣਾਂ ਸਭ ਮਿਲ ਕੇ ਇਕੱਠੀਆਂ ਮਨਾਉਂਦੀਆਂ। ਬਾਹਰ ਹੀ ਨਹੀਂ ਘਰਾਂ 'ਚ ਵੀ ਖੀਰ ਬਣਦੀ, ਮਾਲ ਪੂੜੇ ਪੱਕਦੇ, ਜਿਨ੍ਹਾਂ ਦੀ ਖੁਸ਼ਬੂ ਨਾਲ ਮੌਸਮ ਹੋਰ ਵੀ ਨਸ਼ਿਆ ਜਾਂਦਾ :

ਸਾਉਣਾ ਮਹੀਨਾ ਦਿਨ ਤੀਆਂ ਦੇ
ਸਭੇ ਸਹੇਲੀਆਂ ਆਈਆਂ,
ਭਿੱਜ ਗਈ ਰੂਹ ਮਿੱਤਰਾ
ਸ਼ਾਮ ਘਟਾ ਚੜ੍ਹ ਆਈਆਂ

ਕੁੜੀਆਂ ਦੇ ਰੰਗ-ਬਿਰੰਗੇ ਮਾਹੌਲ ਨੂੰ ਹੋਰ ਵੀ ਸੰਗੀਤਮਈ ਬਣਾਉਣ ਲਈ ਵਣਜਾਰਾ ਵੰਗਾਂ ਦੀ ਛਣਕਰ ਲੈ ਕੇ ਆ ਜਾਂਦਾ ਤੇ ਕੁੜੀਆਂ ਉਸ ਦੇ ਦੁਆਲੇ ਝੁਰਮਟ ਪਾਈ ਆਪਣੇ ਪਸੰਦੀਦਾ ਰੰਗਾਂ ਦੀਆਂ ਵੰਗਾਂ ਚੜ੍ਹਵਾ ਕੇ ਮਾਹੌਲ ਨੂੰ ਹੋਰ ਵੀ ਖੁਸ਼ਨਮਾ ਬਣਾ ਦਿੰਦੀਆਂ। ਇਥੇ ਆਉਣ ਦੇ ਚਾਅ ਵਿੱਚ ਹਰ ਕੁੜੀ ਜਲਦੀ ਜਲਦੀ ਆਪਣੇ ਘਰਾਂ ਦੇ ਕੰਮ ਨਿਪਟਾ ਕੇ ਵਿਹਲੀ ਹੋ ਜਾਂਦੀ ਕਿ ਖੌਰੇ ਕਿਤੇ ਕੰਮ ਪੂਰਾ ਨਾ ਹੋਣ ਕਰ ਕੇ ਇਹ ਤੀਆਂ ਦਾ ਮੇਲਾ ਖੁੰਝ ਨਾ ਜਾਵੇ। ਹਰੇਕ ਦੇ ਚਿਹਰੇ 'ਤੇ ਰੌਣਕ ਵੇਖ ਕੇ ਇੰਝ ਲੱਗਦਾ ਜਿਵੇਂ ਤੀਆਂ ਨਾ ਹੁੰਦੀਆਂ ਤਾਂ ਇਹ ਕੁੜੀਆਂ ਬਚਦੀਆਂ ਕਿਵੇਂ?

ਜੇ ਸਿਖਰੋਂ ਨਾ ਪੱਤਾ ਤੋੜਿਆ
ਕਾਹਦੀ ਪੀਂਘ ਚੜ੍ਹਾਈ।

ਸਾਉਣ ਮਹੀਨੇ ਹਰ ਐਤਵਾਰ ਤਾਂ ਇੰਝ ਲੱਗਦਾ ਸੀ ਕਿ ਕੁੜੀਆਂ ਦੇ ਪੈਰ ਹੀ ਜ਼ਮੀਨ ਨਾਲ ਨਹੀਂ ਲੱਗਦੇ। ਉਹ ਉਡਦੀਆਂ ਫਿਰਦੀਆਂ, ਹੱਥਾਂ ਨੂੰ ਮਹਿੰਦੀ ਲਾ ਕੇ ਸਜਾਉਂਦੀਆਂ, ਰਸਤੇ 'ਚੋਂ ਭੱਠੀ ਤੋਂ ਦਾਣੇ ਭੁਨਾ ਕੇ ਖਾਂਦੀਆਂ ਜਾਂਦੀਆਂ। ਮੇਲੇ 'ਚ ਪਹੁੰਚਦਿਆਂ ਹੀ ਕੁੜੀਆਂ ਦੇ ਵੱਖੋ-ਵੱਖਰੇ ਪਿੜ ਬੱਝ ਜਾਂਦੇ, ਕਿਸੇ ਨੇ ਠੰਢੇ-ਠੰਢੇ ਗੋਲੇ ਖਾਣ ਵਾਲੀ ਰੇਹੜੀ 'ਤੇ ਧਾਵਾ ਬੋਲਣਾ ਤੇ ਕਿਸੇ ਪਿੜ ਨੇ ਜਲੇਬੀਆਂ ਵਾਲੇ ਭਾਈ ਦੀ ਮੱਤ ਮਾਰ ਦੇਣੀ। ਕਈਆਂ ਦੇ ਸਹੁਰੇ ਘਰੋਂ ਜੇ ਕਿਸੇ ਨੇ ਲੈਣ ਆ ਜਾਣਾ ਤਾਂ ਕੁੜੀਆਂ ਨੇ ਇੰਝ ਹਾੜੇ ਕੱਢਣੇ :

ਸਾਉਣ ਦਾ ਮਹੀਨਾ
ਕੁੜੀਆਂ ਤੀਆਂ ਖੇਡਣ ਜਾਂਦੀਆਂ
ਪੈਰਾਂ ਵਿੱਚ ਵੱਜਦੇ ਕੱਖ ਮਾਏਂ ਮੇਰੀਏ
ਮੈਨੂੰ ਕਿਸੇ ਬਹਾਨੇ ਰੱਖ ਮਾਏਂ ਮੇਰੀਏ।

ਹੋਰ ਤਾਂ ਹੋਰ ਬੁੜੀਆਂ ਦਾ ਪਿੜ ਵੀ ਇਨ੍ਹਾਂ ਕੁੜੀਆਂ ਵਿਚਾਲੇ ਆਪਣੇ ਆਪ ਨੂੰ ਇਨ੍ਹਾਂ ਤੋਂ ਘੱਟ ਨਹੀਂ ਸੀ ਸਮਝਦਾ ਜਾਂ ਫਿਰ ਇਥੇ ਆ ਕੇ ਉਹ ਵੀ ਆਪਣੇ ਪੁਰਾਣੇ ਦਿਨਾਂ ਦੀ ਯਾਦ ਨੂੰ ਤਰੋਤਾਜ਼ਾ ਕਰ ਕੇ ਖੁਸ਼ੀ ਮਹਿਸੂਸ ਕਰਦੀਆਂ। ਕਈ ਤਾਂ ਸਾਉਣ ਮਹੀਨਾ ਖਤਮ ਹੋਣ 'ਤੇ ਇੰਵ ਵੀ ਬੋਲੀਆਂ ਰਾਹੀਂ ਆਪਣਾ ਗੁਬਾਰ ਕੱਢਦੀਆਂ :


ਪਾਵੇ ਪਾਵੇ ਪਾਵੇ
ਵੀਰ ਸਾਉਣ 'ਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ

ਕਿਸੇ ਸਮੇਂ ਤੀਆਂ ਤਿਉਹਾਰ ਸੀ ਚਾਵਾਂ ਦਾ, ਖੁਸ਼ੀਆਂ ਦਾ, ਆਪਣੇ ਦਿਲ ਦੇ ਵਲਵਲੇ ਤੇ ਖਿਆਲਾਂ ਨੂੰ ਪ੍ਰਗਟਾਉਣ ਦਾ, ਪਰ ਅੱਜਕੱਲ੍ਹ ਇਹ ਨੱਚਣਾ-ਟੱਪਣਾ ਇੱਕ ਵੱਖਰਾ ਰੰਗ ਲੈ ਚੁੱਕਾ ਹੈ। ਲੋੜ ਹੈ ਬਿਖਰਦੇ ਜਾਂਦੇ ਵਿਰਸੇ ਨੂੰ ਸੰਭਾਲਣ ਦੀ। ਕਾਸ਼! ਵਾਪਸ ਆ ਜਾਣ ਉਹ ਪਹਿਲਾਂ ਜਿਹੇ ਤੀਆਂ ਦੇ ਦਿਨ।


# ਜ਼ਰੂਰ ਜਾਣੋ; ਗਿਆਨ ਗੰਗਾ

## ।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224


# ਕਈ 'ਜ਼ਖ਼ਮ' ਦਿਖਾਈ ਨਹੀਂ ਦਿੰਦੇ, ਪਰ ਹੁੰਦੇ ਹਨ

-ਰਾਬਰਟ ਕਲੀਮੈਂਟ

ਜਿਵੇਂ-ਜਿਵੇਂ ਕੋਰੋਨਾ ਮਹਾਮਾਰੀ ਨਾਲ ਵੱਧ ਤੋਂ ਵੱਧ ਲੋਕ ਪੀੜਤ ਹੋ ਰਹੇ ਹਨ, ਉਵੇਂ ਹੀ ਮੈਂ ਦੇਖ ਰਿਹਾ ਹਾਂ ਕਿ ਉਨ੍ਹਾਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਕਲੰਕਿਤ ਕੀਤਾ ਜਾ ਰਿਹਾ ਹੈ। ਕੀ ਵਿਸ਼ਵ ਇੰਨਾ ਨਿਰਦਈ ਹੈ? ਮੈਂ ਇੱਕ ਬੱਚੇ ਦੀ ਕਹਾਣੀ ਦਾ ਵਰਣਨ ਕਰਦਾਂ ਹਾਂ, ਜਿਸ ਨੂੰ ਸਕੂਲ 'ਚ ਉਸ ਦੀ ਬਾਂਹ 'ਤੇ ਇੱਕ ਦਰਦ ਭਰਿਆ ਟੀਕਾ ਲਾ ਕੇ ਵੈਕਸੀਨੇਟ ਕੀਤਾ ਗਿਆ ਸੀ। ਉਸ ਤੋਂ ਬਾਅਦ ਡਾਕਟਰ ਉਸ ਦੀ ਬਾਂਹ 'ਤੇ ਪੱਟੀ ਬੰਨ੍ਹਣੀ ਚਾਹੁੰਦਾ ਸੀ। ਉਸ ਬੱਚੇ ਨੇ ਡਾਕਟਰ ਨੂੰ ਬੇਨਤੀ ਕੀਤੀ, ''ਕਿਰਪਾ ਕਰ ਕੇ ਇਸ ਨੂੰ ਮੇਰੀ ਦੂਸਰੀ ਬਾਂਹ 'ਤੇ ਬੰਨ੍ਹੋ।''

ਹੈਰਾਨ ਹੋ ਕੇ ਡਾਕਟਰ ਨੇ ਪੁੱਛਿਆ, ''ਕਿਉਂ?''

ਬੱਚੇ ਨੇ ਕਿਹਾ, ''ਇਸ ਨਾਲ ਹਰੇਕ ਵਿਦਿਆਰਥੀ ਨੂੰ ਪਤਾ ਲੱਗ ਜਾਵੇਗਾ ਕਿ ਤੁਸੀਂ ਮੇਰੀ ਬਾਂਹ ਨੂੰ ਵੈਕਸੀਨੇਟ ਕੀਤਾ ਹੈ ਅਤੇ ਉਹ ਜ਼ਖ਼ਮ ਵਾਲੀ ਬਾਂਹ 'ਤੇ ਮੈਨੂੰ ਮਾਰਨਗੇ। ਤੁਸੀਂ ਤਾਂ ਮੇਰੇ ਸਕੂਲ ਦੇ ਜਮਾਤੀਆਂ ਨੂੰ ਜਾਣਦੇ ਹੋ ਕਿ ਪੱਟੀ ਬੰਨ੍ਹੀ ਹੋਣ ਕਾਰਨ ਉਹ ਮੇਰੀ ਬਾਂਹ 'ਤੇ ਸੱਟ ਮਾਰਨਗੇ। ਇਸ ਲਈ ਪੱਟੀ ਦੂਸਰੀ ਬਾਂਹ ਉੱਤੇ ਬੰਨ੍ਹੋ।''

ਇੱਕ ਹੋਰ ਕਹਾਣੀ ਇੱਕ ਮਹਾਨ ਸਮਰਾਟ ਦੀ ਸੁਣਾਉਂਦੇ ਹਾਂ, ਜਿਸ ਨੂੰ ਉਸ ਦੇ ਪ੍ਰਸ਼ਾਸਨ 'ਚ ਮਦਦ ਕਰਨ ਲਈ ਇੱਕ ਹੋਰ ਯੋਗ ਵਿਅਕਤੀ ਦੀ ਭਾਲ ਸੀ। ਜਦੋਂ ਉਸ ਵਿਅਕਤੀ ਦੀ ਚੋਣ ਹੋਈ, ਉਦੋਂ ਉਸ ਨੂੰ ਉਹ ਆਪਣੇ ਮਹੱਲ ਦੀ ਬਾਲਕੋਨੀ 'ਚ ਲੈ ਗਿਆ, ਜਿੱਥੋਂ ਸਮਰਾਟ ਅਤੇ ਉਹ ਵਿਅਕਤੀ ਆਪਣੀ ਸਾਰੀ ਜ਼ਮੀਨ 'ਤੇ ਨਿਗਾਹ ਮਾਰ ਸਕਦੇ ਸਨ।

ਸਮਰਾਟ ਦੇ ਨਵੇਂ ਸਹਾਇਕ ਨੇ ਉਨ੍ਹਾਂ ਕੋਲੋਂ ਪੁੱਛਿਆ, 'ਮਹਾਰਾਜ ਜੇਕਰ ਮੈਂ ਤੁਹਾਡੀਆਂ ਇੱਛਾਵਾਂ ਨੂੰ ਪੂਰਾ ਕਰਨਾ ਹੈ ਤਾਂ ਮੈਨੂੰ ਕਿਹੜੀ-ਕਿਹੜੀਆਂ ਗੱਲਾਂ ਨੂੰ ਯਾਦ ਰੱਖਣਾ ਹੋਵੇਗਾ?'

ਸਮਰਾਟ ਨੇ ਜਵਾਬ ਦਿੱਤਾ, ''ਮੇਰੇ ਬੱਚੇ, ਇਥੇ ਸ਼ਾਸਨ ਕਰਨ ਦਾ ਸਿਰਫ ਇੱਕ ਹੀ ਕਾਨੂੰਨ ਹੈ ਅਤੇ ਉਹ ਹੈ ਕਿ ਆਪਣੀ ਪਰਜਾ ਨੂੰ ਇੱਕ ਜ਼ਖ਼ਮੀ ਵਾਂਗ ਦੇਖੋ।'' ਸਮਰਾਟ ਇਹ ਜਾਣਦਾ ਸੀ ਕਿ ਸਾਰੇ ਲੋਕ ਦਰਦ 'ਚ ਹੁੰਦੇ ਹਨ। ਕਈ ਵਾਰ ਜ਼ਖ਼ਮ ਦਿਖਾਈ ਨਹੀਂ ਦਿੰਦੇ, ਪਰ ਉਹ ਹੁੰਦੇ ਜ਼ਰੂਰ ਹਨ। ਅਸੀਂ ਅਜਿਹੇ ਜ਼ਖ਼ਮੀ ਅਤੇ ਪੀੜਤ ਲੋਕਾਂ ਨੂੰ ਨਹੀਂ ਦੇਖ ਰਹੇ।

ਇੱਕ ਪਰਵਾਰ ਸਿਰਫ ਵਾਇਰਸ ਨੇ ਉਨ੍ਹਾਂ ਦੀ ਆਮਦਨ ਅਤੇ ਨੌਕਰੀ ਵੀ ਨਿਗਲ ਲਈ ਹੈ। ਮੈਂ ਉਨ੍ਹਾਂ ਸਾਰੇ ਲੋਕਾਂ ਨਾਲ ਗੱਲ ਕੀਤੀ, ਜਿਨ੍ਹਾਂ ਨੇ ਆਪਣਾ ਰੋਜ਼ਗਾਰ ਗੁਆ ਲਿਆ। ਉਨ੍ਹਾਂ ਨੇ ਮੈਨੂੰ ਕਿਹਾ, ''ਬੌਬ, ਤੁਸੀਂ ਕਿਸੇ ਨੂੰ ਵੀ ਇਸ ਗੱਲ ਬਾਰੇ ਨਾ ਦੱਸੋ।'' ਮੈਂ ਪੁੱਛਿਆ, ''ਆਖਿਰ ਅਜਿਹਾ ਕਿਉਂ?'' ਉਹ ਬੋਲਿਆ ਕਿ ਲੋਕਾਂ ਲਈ ਇਹ ਸ਼ਰਮਨਾਕ ਗੱਲ ਹੈ ਅਤੇ ਉਹ ਲੋਕ ਸਾਡੇ 'ਤੇ ਮੂੰਹ ਦਬਾ ਕੇ ਹੱਸਣਗੇ। ਮੈਂ ਕਿਹਾ, ''ਕੀ ਇਹ ਸੱਚ ਹੈ, ਅਸੀਂ ਇੰਨੇ ਸਖ਼ਤ ਦਿਲ ਵਾਲੇ ਕਿਉਂ ਬਣ ਗਏ?'' ਮੇਰੇ ਕੁਝ ਦੋਸਤ ਮੈਨੂੰ ਆਪਣੇ ਗੁਆਂਢੀਆਂ ਦੀਆਂ ਫੋਟੋ ਭੇਜ ਰਹੇ ਹਨ, ਜਿਨ੍ਹਾਂ ਨੂੰ ਇਨਫੈਕਸ਼ਨ ਹੋਣ ਤੋਂ ਬਾਅਦ ਹਸਪਤਾਲ ਪਹੁੰਚਾਇਆ ਗਿਆ। ਅਜਿਹੀਆਂ ਤਸਵੀਰਾਂ ਦੀ ਕੀ ਲੋੜ ਹੈ? ਲੋਕ ਟੈਸਟ ਕਰਵਾਉਣ ਤੋਂ ਇੰਨਾ ਡਰਦੇ ਕਿਉਂ ਹਨ ਅਤੇ ਵਾਇਰਸ ਦੂਸਰਿਆਂ ਨੂੰ ਸੌਂਪ ਰਹੇ ਹਨ? ਕੀ ਤੁਸੀਂ ਉਸ ਬੱਚੇ ਵਾਂਗ ਹੋ, ਜੋ ਆਪਣਾ ਜ਼ਖ਼ਮ ਲੁਕਾਉਣ ਲਈ ਦੂਸਰੀ ਬਾਂਹ 'ਤੇ ਪੱਟੀ ਬੰਨ੍ਹਵਾਉਣਾ ਚਾਹੁੰਦਾ ਸੀ? ਸਾਨੂੰ ਇਹ ਲੱਭਣਾ ਹੋਵੇਗਾ ਕਿ ਲੋਕ ਕਿਵੇਂ ਜ਼ਖ਼ਮੀ ਹੋਏ ਤੇ ਸਾਨੂੰ ਉਨ੍ਹਾਂ ਤੱਕ ਪਹੁੰਚ ਬਣਾਉਣੀ ਹੋਵੇਗੀ। ਸਾਨੂੰ ਉਨ੍ਹਾਂ ਦੀ ਅਦ੍ਰਿਸ਼ ਪੱਟੀ ਦੱਖਣੀ ਹੋਵੇਗੀ ਤੇ ਉਨ੍ਹਾਂ ਦੀ ਮਦਦ ਕਰਨੀ ਹੋਵੇਗੀ। ਅਸੀਂ ਉਨ੍ਹਾਂ ਵੱਲ ਇਸ ਤਰ੍ਹਾਂ ਦੇਖੀਏ, ਜਿਵੇਂ ਉਹ ਜ਼ਖ਼ਮੀ ਹੋਣ। ਇਸ ਤਰ੍ਹਾਂ ਦੇ ਵਿਚਾਰਾਂ ਨਾਲ ਅਸੀਂ ਉਨ੍ਹਾਂ ਵਿਅਕਤੀਆਂ ਦੀ ਜ਼ਿੰਦਗੀ ਨੂੰ ਉਪਰ ਚੁੱਕ ਸਕਦੇ ਹਾਂ ਅਤੇ ਕੋਰੋਨਾ ਵਾਇਰਸ ਦੇ ਇਸ ਮੌਸਮ 'ਚ ਉਨ੍ਹਾਂ ਦੇ ਜ਼ਖ਼ਮ ਭਰ ਸਕਦੇ ਹਾਂ।''

## ਹਲਕਾ ਫੁਲਕਾ

ਸੇਲਜ਼ਮੈਨ, ''ਮੈਡਮ, ਮੇਰੇ ਕੋਲ ਇੱਕ ਅਜਿਹੀ ਕਿਤਾਬ ਹੈ, ਜਿਸ ਵਿੱਚ ਪਤੀਆਂ ਦੇ ਦੇਰ ਰਾਤ ਤੱਕ ਘਰੋਂ ਬਾਹਰ ਰਹਿਣ ਦੇ 100 ਬਹਾਨੇ ਦੱਸੇ ਗਏ ਹਨ। ਕੀ ਤੁਸੀਂ ਇਸ ਕਿਤਾਬ ਨੂੰ ਖਰੀਦਣਾ ਚਾਹੋਗੇ?''
ਔਰਤ, ''ਮੈਂ ਇਸ ਕਿਤਾਬ ਨੂੰ ਕਿਉਂ ਖਰੀਦਾਂ?''
ਸੇਲਜ਼ਮੈਨ, ''ਮੈਡਮ ਕਿਉਂਕਿ ਇਸ ਕਿਤਾਬ ਦੀ ਇੱਕ ਕਾਪੀ ਅੱਜ ਸਵੇਰੇ ਹੀ ਮੈਂ ਤੁਹਾਡੇ ਪਤੀ ਨੂੰ ਵੇਚੀ ਹੈ।''

*********

ਪਤੀ (ਫੋਨ 'ਤੇ ਪਤਨੀ ਨੂੰ), ''ਤੂੰ ਬਹੁਤ ਪਿਆਰੀ ਏਂ।''
ਪਤਨੀ, ''ਥੈਂਕਸ।''
ਪਤੀ, ''ਤੂੰ ਬਿਲਕੁਲ ਰਾਜ ਕੁਮਾਰੀ ਵਰਗੀ ਏਂ।''
ਪਤਨੀ, ''ਥੈਂਕਸ ਸੋ ਮਚ ਡੀਅਰ। ਤੁਸੀਂ ਕੀ ਕਰਦੇ ਹੋ?''
ਪਤੀ, ''ਮਜ਼ਾਕ।''

*********

ਨੀਰਜ, ''ਇੱਲ ਨੂੰ ਇੰਗਲਿਸ਼ 'ਚ ਕੀ ਕਹਿੰਦੇ ਹਨ?''
ਕਮਲ, ''ਈਗਲ।''
ਨੀਰਜ, ''ਜੇ ਇੱਲ ਬਿਮਾਰ ਹੋ ਜਾਵੇ ਤਾਂ?''
ਕਮਲ, ''ਇੱਲੀਗਲ।''

# ਮੋਟਰ ਸਾਈਕਲ ਛੂਹਣ ਉੱਤੇ ਦਲਿਤ ਨੂੰ ਨੰਗਾ ਕਰ ਕੇ ਕੁੱਟਿਆ



ਵਿਜੇਪੁਰਾ, 21 ਜੁਲਾਈ (ਪੋਸਟ ਬਿਊਰੋ)- ਕਰਨਾਟਕ ਦੇ ਜ਼ਿਲਾ ਵਿਜੇ-ਪੁਰਾ ਵਿੱਚ ਉੱਚ ਜਾਤੀ ਦੇ ਵਿਅਕਤੀ ਦੇ ਮੋਟਰ ਸਾਈਕਲ ਨੂੰ ਛੂਹਣ 'ਤੇ 13 ਨੌਜਵਾਨਾਂ ਨੇ 32 ਵਰ੍ਹਿਆਂ ਦੇ ਦਲਿਤ ਵਿਅਕਤੀ ਨੂੰ ਨੰਗਾ ਕਰ ਕੇ ਕੁੱਟਿਆ।
ਜ਼ਿਲਾ ਵਿਜੇਪੁਰਾ ਦੇ ਐੱਸ ਪੀ ਅਨੁਪਮ ਅਗਰਵਾਲ ਨੇ ਦੱਸਿਆ ਕਿ ਤਾਲੀਕੋਟੀ ਨੇੜੇ ਪਿੰਡ ਮੀਨਾਜਗੀ ਵਿੱਚ 18 ਜੁਲਾਈ ਨੂੰ ਵਾਪਰੀ ਇਸ ਘਟਨਾ ਬਾਰੇ ਪੀੜਤ ਦਲਿਤ (ਕਾਂਸ਼ੀਨਾਥ ਤਲਵਾੜ) ਦੀ ਸ਼ਿਕਾਇਤ 'ਤੇ 13 ਮੁਲਜ਼ਮਾਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ ਅਤੇ ਜਾਂਚ ਕੀਤੀ ਜਾ ਰਹੀ ਹੈ। ਸ਼ਿਕਾਇਤ ਦੇ ਹਵਾਲੇ ਨਾਲ ਉਨ੍ਹਾਂ ਦੱਸਿਆ ਕਿ ਪੀੜਤ ਦਾ ਦਾਅਵਾ ਹੈ ਕਿ ਉਸ ਦਾ ਹੱਥ ਗਲਤੀ ਨਾਲ ਮੋਟਰ ਸਾਈਕਲ ਨੂੰ ਲੱਗ ਗਿਆ ਤੇ ਉਸ ਨੇ ਰਹਿਮ ਲਈ ਮੁਆਫੀ ਵੀ ਮੰਗੀ, ਪ੍ਰੰਤੂ ਦੋਸ਼ੀਆਂ ਨੇ ਉਸ ਨੂੰ ਸੜਕ ਉੱਤੇ ਲੰਮਾ ਪਾ ਕੇ ਉਸ ਦੀ ਡੰਡਿਆਂ ਅਤੇ ਚੱਪਲਾਂ ਨਾਲ ਕੁੱਟਮਾਰ ਕੀਤੀ ਅਤੇ ਉਸ ਦੀ ਪੈਂਟ ਉਤਾਰ ਦਿੱਤੀ। ਸੋਸ਼ਲ ਮੀਡੀਆ ਉੱਤੇ ਇਸ ਹਮਲੇ ਦੀ ਵੀਡੀਓ ਵਾਇਰਲ ਹੋ ਰਹੀ ਹੈ ਅਤੇ ਜ਼ਿਲੇ ਵਿੱਚ ਉਚ ਜਾਤੀ ਦੇ ਦੋਸ਼ੀਆਂ ਖਿਲਾਫ ਗੁੱਸਾ ਭੜਕ ਗਿਆ ਹੈ। ਪੀੜਤ ਦੇ ਮਾਪਿਆਂ ਵੱਲੋਂ ਰੋਕਣ ਦੀ ਕੋਸ਼ਿਸ਼ ਦੇ ਬਾਵਜੂਦ ਦੋਸ਼ੀ ਕੁੱਟਮਾਰ ਕਰਦੇ ਰਹੇ। ਦੂਜੇ ਪਾਸੇ ਸੰਬੰਧਤ ਕੇਸ ਵਿੱਚ ਪਿੰਡ 'ਚ ਦੋ-ਤਿੰਨ ਔਰਤਾਂ ਨੇ ਪੁਲਸ ਕੋਲ ਤਲਵਾੜ ਦੇ ਖਿਲਾਫ ਸ਼ਿਕਾਇਤ ਕੀਤੀ ਹੈ ਅਤੇ ਉਸ 'ਤੇ ਛੇੜਛਾੜ ਤੇ ਉਨ੍ਹਾਂ ਸਾਹਮਣੇ ਨੰਗਾ ਹੋਣ ਦੇ ਦੋਸ਼ ਲਾਏ ਹਨ।

# ਬੈਂਕ ਨੇ ਚਾਹ ਵਾਲੇ ਨੂੰ 50.76 ਕਰੋੜ ਦਾ ਕਰਜ਼ਾਈ ਬਣਾ ਦਿੱਤਾ

ਕੁਰੂਕਸ਼ੇਤਰ, 21 ਜੁਲਾਈ (ਪੋਸਟ ਬਿਊਰੋ)- ਬਿਨਾ ਕਰਜ਼ਾ ਲਏ ਬੈਂਕਾਂ ਨੇ ਇੱਕ ਚਾਹ ਵਾਲੇ ਨੂੰ 50.76 ਕਰੋੜ ਰੁਪਏ ਦੇ ਕਰਜ਼ੇ ਦਾ ਦੇਣਦਾਰ ਬਣਾ ਦਿੱਤਾ ਹੈ। ਉਸ ਦੇ ਨਾਂਅ ਕਮਰਸ਼ੀਅਲ ਵਾਹਨਾਂ ਸਮੇਤ ਕਈ ਹੋਰ ਕਰਜ਼ੇ ਦਿਖਾਏ ਗਏ ਹਨ। ਜ਼ਿਲਾ ਡਿਪਟੀ ਕਮਿਸ਼ਨਰ ਧੀਰੇਂਦਰ ਖੜਗਟਾ ਨੇ ਅਜਿਹੀ ਸੂਚਨਾ ਤੋਂ ਇਨਕਾਰ ਕੀਤਾ ਤਾਂ ਜ਼ਿਲਾ ਲੀਡ ਬੈਂਕ ਪੀ ਐੱਨ ਬੀ ਦੇ ਅਧਿਕਾਰੀ ਹਰਿ ਸਿੰਘ ਗੁਮਰਾ ਨੇ ਕਿਹਾ ਕਿ ਜ਼ਿਲੇ ਵਿੱਚ ਕਿਸੇ ਦੇ ਕਰਜ਼ੇ ਨੂੰ ਇੰਨੀ ਵੱਡੀ ਆਊਟ ਸਟੈਂਡਿੰਗ ਨਹੀਂ ਹੈ, ਕੋਈ ਤਕਨੀਕੀ ਖ਼ਾਮੀ ਹੋਵੇਗੀ, ਪੀੜਤ ਰਾਜ ਕੁਮਾਰ ਸੰਬੰਧਤ ਬੈਂਕ ਨੂੰ ਮਿਲ ਕੇ ਖਾਤਾ ਠੀਕ ਕਰਾ ਸਕਦੇ ਹਨ। ਕੁਰੂਕਸ਼ੇਤਰ ਜ਼ਿਲੇ ਦੇ ਪਿੰਡ ਦਿਆਲਪੁਰ ਦਾ ਰਾਜ ਕੁਮਾਰ ਥਾਨੇਸਰ ਸ਼ਹਿਰ ਵਿੱਚ ਆਹਲੂਵਾਲੀਆ ਚੌਕ 'ਤੇ ਚਾਹ ਦੀ ਰੇਹੜੀ ਲਾਉਂਦਾ ਸੀ, ਪਰ ਲਾਕਡਾਊਨ ਕਾਰਨ ਬੰਦ ਕਰਨਾ ਪਿਆ ਸੀ। ਉਹ ਚਾਹ ਦੀ ਦੁਕਾਨ ਦੋਬਾਰਾ ਚਲਾਉਣ ਲਈ ਪ੍ਰਸਨਲ ਕਰਜ਼ਾ ਲੈਣ ਲਈ ਫਾਈਨੈਂਸ ਕੰਪਨੀ ਗਏ ਤਾਂ ਉਥੇ ਕਰਮਚਾਰੀ ਦੀ ਗੱਲ ਸੁਣ ਕੇ ਕੰਬ ਗਏ। ਰਾਜ ਕੁਮਾਰ ਨੇ ਡਿਟੇਲ ਕਢਵਾਈ ਤਾਂ ਉਨ੍ਹਾਂ ਦੇ ਨਾਂਅ 'ਤੇ ਪੰਜਾਹ ਕਰੋੜ 76 ਲੱਖ ਵੀਹ ਹਜ਼ਾਰ ਰੁਪਏ ਲਿਖੇ ਪਏ ਸਨ। ਉਸ ਨੇ ਦੱਸਿਆ ਕਿ ਉਨ੍ਹਾਂ ਦੇ ਖਾਤੇ ਵਿੱਚ 16 ਕਰਜ਼ੇ ਦਰਜ ਹਨ, ਜਿਨ੍ਹਾਂ ਵਿੱਚ 50.50 ਕਰੋੜ ਦਾ 27 ਅਪ੍ਰੈਲ 2013 ਦਾ ਕਮਰਸ਼ੀਅਲ ਵਹੀਕਲ ਕਰਜ਼ਾ ਦਰਜ ਕੀਤਾ ਹੈ। ਕਈ ਕਰਜ਼ੇ ਤਾਂ ਹਰ ਮਹੀਨੇ ਦਿਖਾਏ ਗਏ ਹਨ। ਇਸ ਦੇ ਇਲਾਵਾ ਕਿਸਾਨ ਕ੍ਰੈਡਿਟ, ਆਟੋ ਅਤੇ ਟਰੈਕਟਰ ਕਰਜ਼ਾ ਦਿਖਾਇਆ ਗਿਆ ਹੈ।

ਸੁਪਰੀਮ ਕੋਰਟ ਵੱਲੋਂ ਯੂ ਪੀ ਨੂੰ ਸਰਕਾਰ

# ਐਨੇ ਕੇਸ ਹੋਣ ਦੇ ਬਾਵਜੂਦ ਗੈਂਗਸਟਰ ਵਿਕਾਸ ਦੂੱਬੇ ਨੂੰ ਜ਼ਮਾਨਤ ਕਿੱਦਾਂ ਮਿਲਦੀ ਰਹੀ

ਨਵੀਂ ਦਿੱਲੀ, 21 ਜੁਲਾਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਕਿਹਾ ਕਿ ਇਹ ਸਰਕਾਰ ਦੀ ਨਾਕਾਮੀ ਹੀ ਹੈ ਕਿ ਵਿਕਾਸ ਦੂਬੇ ਵਰਗੇ ਗੈਂਗਸਟਰ ਦੇ ਖਿਲਾਫ ਕਈ ਕੇਸ ਦਰਜ ਹੋਣ ਦੇ ਬਾਵਜੂਦ ਉਸ ਨੂੰ ਜ਼ਮਾਨਤ ਮਿਲੀ ਹੋਈ ਸੀ। ਇਹ ਟਿੱਪਣੀ ਕਰਦਿਆਂ ਅਦਾਲਤ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਕਿਹਾ ਕਿ ਉਹ ਗੈਂਗਸਟਰ ਦੇ ਐਨਕਾਊਂਟਰ ਬਾਰੇ ਬਣਾਈ ਜਾਂਚ ਕਮੇਟੀ ਵਿੱਚ ਸੁਪਰੀਮ ਕੋਰਟ ਦੇ ਸਾਬਕਾ ਜੱਜ ਤੇ ਇੱਕ ਸੇਵਾਮੁਕਤ ਪੁਲਸ ਅਧਿਕਾਰੀ ਨੂੰ ਸ਼ਾਮਲ ਕਰਨ ਬਾਰੇ ਵਿਚਾਰ ਕਰੇ। ਚੀਫ ਜਸਟਿਸ ਐਸ ਏ ਬੋਬੜੇ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਇਹ ਸੰਸਥਾ ਦੀ ਨਾਕਾਮੀ ਹੈ ਤੇ ਜਿਹੜਾ ਵਿਅਕਤੀ ਸੀਖਾਂ ਪਿੱਛੇ ਹੋਣਾ ਚਾਹੀਦਾ ਸੀ, ਉਸ ਨੂੰ ਮਰਨ ਤੋਂ ਪਹਿਲਾਂ ਜ਼ਮਾਨਤ ਮਿਲੀ ਹੋਈ ਸੀ।
ਜੱਜ ਸਾਹਿਬਾਨ ਨੇ ਕਿਹਾ ਕਿ ਉਹ ਇਸ ਗੱਲ ਤੋਂ ਹੈਰਾਨ ਹਨ। ਅਦਾਲਤ ਨੇ ਯੂ ਪੀ ਸਰਕਾਰ ਨੂੰ ਕਿਹਾ ਕਿ ਕਾਨੂੰਨ ਦਾ ਰਾਜ ਕਾਇਮ ਰੱਖਣਾ ਤੁਹਾਡਾ ਫਰਜ਼ ਹੈ। ਯੂ ਪੀ ਸਰਕਾਰ ਵੱਲੋਂ ਪੇਸ਼ ਹੋਏ ਸੋਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਅਦਾਲਤ ਨੇ ਕਿਹਾ ਕਿ ਜੇ ਕੁਝ ਘਟਨਾਵਾਂ ਸੂਬੇ ਦੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੇ ਬਿਆਨਾਂ ਤੋਂ ਬਾਅਦ ਵਾਪਰੀਆਂ ਹਨ ਤਾਂ ਉਨ੍ਹਾਂ ਪੱਖਾਂ ਨੂੰ ਵੀ ਘੋਖਿਆ ਜਾਵੇ। ਗੈਂਗਸਟਰ ਵਿਕਾਸ ਦੂਬੇ ਤੇ ਉਸ ਦੇ ਸਾਥੀਆਂ ਨੂੰ ਮੁਕਾਬਲਿਆਂ ਵਿੱਚ ਮਾਰਨ ਦੀ



ਜਾਂਚ ਅਦਾਲਤੀ ਨਿਗਰਾਨੀ ਹੇਠ ਕਰਨ ਲਈ ਸੁਪਰੀਮ ਕੋਰਟ ਵਿੱਚ ਕਈ ਪਟੀਸ਼ਨਾਂ ਦਾਇਰ ਹੋਈਆਂ ਹਨ। ਅਦਾਲਤ ਨੇ ਉਨ੍ਹਾਂ ਅਦਾਲਤੀ ਹੁਕਮਾਂ ਬਾਰੇ ਵੀ ਰਪੋਰਟ ਮੰਗੀ ਹੈ, ਜੋ ਦੂਬੇ ਵਾਲੇ ਕੇਸਾਂ ਵਿੱਚ ਦਿੱਤੇ ਗਏ ਸਨ। ਬੈਂਚ ਨੇ ਜਾਂਚ ਪੈਨਲ 'ਚ ਤਬਦੀਲੀਆਂ ਦਾ ਸੁਝਾਅ ਦਿੰਦਿਆਂ ਸਰਕਾਰ ਕੋਲੋਂ 22 ਜੁਲਾਈ ਨੂੰ ਰਿਪੋਰਟ ਮੰਗੀ ਹੈ।
ਅਸਲ ਵਿੱਚ ਉੱਤਰ ਪ੍ਰਦੇਸ਼ ਸਰਕਾਰ ਨੇ ਇੱਕ ਐਫੀਡੇਵਿਟ ਦਾਇਰ ਕਰ ਕੇ ਕਿਹਾ ਕਿ ਉਨ੍ਹਾਂ ਸੇਵਾ ਮੁਕਤ ਜੱਜ ਸ਼ਸ਼ੀ ਕਾਂਤ ਅਗਰਵਾਲ ਨੂੰ ਜੁਡੀਸ਼ਲ ਕਮੇਟੀ ਬਣਾ ਕੇ ਕੇਸ ਦੀ ਜਾਂਚ ਸੌਂਪੀ ਹੈ। ਇੱਕੋ-ਇੱਕ ਮੈਂਬਰ ਵਾਲੇ ਇਸ ਕਮਿਸ਼ਨ ਦੇ ਮੁਖੀ ਅਗਰਵਾਲ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਹਨ। ਮਹਿਤਾ ਨੇ ਅਦਾਲਤ ਨੂੰ ਦੱਸਿਆ ਕਿ ਵਿਕਾਸ ਦੂਬੇ ਪੈਰੋਲ 'ਤੇ ਬਾਹਰ ਸੀ ਅਤੇ ਉਸ ਦੇ ਖਿਲਾਫ 65 ਕੇਸ ਸਨ। ਅਦਾਲਤ ਨੇ ਕਿਹਾ ਕਿ ਯੂ ਪੀ ਵਿੱਚ ਮੌਜੂਦ ਕਿਸੇ ਸਾਬਕਾ ਜੱਜ ਨੂੰ ਕਮੇਟੀ ਦਾ ਹਿੱਸਾ ਬਣਾਇਆ ਜਾ ਸਕਦਾ ਹੈ। ਮਹਾਮਾਰੀ ਕਾਰਨ ਬਾਹਰੋਂ ਕਿਸੇ ਦਾ ਅਲਾਹਾਬਾਦ ਜਾਣਾ ਠੀਕ ਨਹੀਂ ਹੋਵੇਗਾ। ਪਟੀਸ਼ਨਰਜ਼ ਵਿੱਚੋਂ ਇੱਕ ਨੇ ਕਿਹਾ ਕਿ ਯੂ ਪੀ ਸਰਕਾਰ ਨੂੰ ਜਾਂਚ ਕਮੇਟੀ ਦੇ ਮੈਂਬਰ ਚੁਣਨ ਦੀ ਇਜਾਜ਼ਤ ਨਾ ਦਿੱਤੀ ਜਾਵੇ।
ਇਸ ਦੌਰਾਨ ਯੂ ਪੀ ਵਿੱਚ ਮਾਰੇ ਗਏ ਗੈਂਗਸਟਰ ਵਿਕਾਸ ਦੂਬੇ ਦੀ ਪੋਸਟਮਾਰਟਮ ਰਿਪੋਰਟ ਜਾਰੀ ਹੋਈ ਤਾਂ ਪਤਾ ਲੱਗਾ ਕਿ ਮੌਤ ਦਾ ਕਾਰਨ ਜ਼ਿਆਦਾ ਖ਼ੂਨ ਵਗਣਾ ਦੱਸਿਆ ਗਿਆ ਹੈ। ਰਿਪੋਰਟ ਵਿੱਚ ਦਰਜ ਹੈ ਕਿ ਦੂਬੇ ਦੇ ਤਿੰਨ ਗੋਲੀਆਂ ਲੱਗੀਆਂ ਸਨ। ਇਹ ਪੋਸਟਮਾਰਟਮ ਤਿੰਨ ਸੀਨੀਅਰ ਡਾਕਟਰਾਂ ਨੇ ਕੀਤਾ ਤੇ ਪੂਰੀ ਪ੍ਰਕਿਰਿਆ ਦੀ ਵੀਡੀਓ ਬਣਾਈ ਹੈ।

# ਪੰਜਾਬ ਐਂਡ ਸਿੰਧ ਬੈਂਕ ਸਣੇ ਚਾਰ ਬੈਂਕਾਂ ਦਾ ਨਿੱਜੀਕਰਨ ਕਰਨ ਦੀ ਤਿਆਰੀ

ਨਵੀਂ ਦਿੱਲੀ, 21 ਜੁਲਾਈ (ਪੋਸਟ ਬਿਊਰੋ)- ਭਾਰਤੀ ਮੀਡੀਆ ਦੀਆਂ ਰਿਪੋਰਟਾਂ ਉੱਤੇ ਭਰੋਸਾ ਕੀਤਾ ਜਾਵੇ ਤਾਂ ਨਰਿੰਦਰ ਮੋਦੀ ਸਰਕਾਰ ਵੱਲੋਂ ਛੇਤੀ ਹੀ ਪੰਜਾਬ ਐਂਡ ਸਿੰਧ ਬੈਂਕ ਸਮੇਤ ਚਾਰ ਵੱਖ-ਵੱਖ ਬੈਂਕਾਂ ਦਾ ਨਿੱਜੀਕਰਨ ਕੀਤੇ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਦੌਰਾਨ ਜਿਹੜੇ ਬੈਂਕਾਂ ਦੇ ਨਿੱਜੀਕਰਨ ਦੀ ਗੱਲ ਸੁਣੀ ਗਈ ਹੈ, ਉਨ੍ਹਾਂ ਵਿੱਚ ਬੈਂਕ ਆਫ ਇੰਡੀਆ, ਇੰਡੀਅਨ ਓਵਰਸੀਜ਼ ਬੈਂਕ ਅਤੇ ਬੈਂਕ ਆਫ ਮਹਾਰਾਸ਼ਟਰਾ ਸ਼ਾਮਲ ਹਨ।
ਮਿਲੀ ਜਾਣਕਾਰੀ ਮੁਤਾਬਕ ਸਰਕਾਰ ਵੱਲੋਂ ਪਬਲਿਕ ਸੈਕਟਰ ਦੇ ਉਕਤ ਚਾਰ ਬੈਂਕਾਂ ਦੇ ਨਾਲ ਕੁਝ ਪ੍ਰਮੁੱਖ ਬੀਮਾ ਕੰਪਨੀਆਂ ਦਾ ਵੀ ਨਿੱਜੀਕਰਨ ਕੀਤੇ ਜਾਣ ਦੀ ਸੰਭਾਵਨਾ ਹੈ। ਮੀਡੀਆ ਦੀਆਂ ਖ਼ਬਰਾਂ ਮੁਤਾਬਕ ਸਰਕਾਰ ਵੱਲੋਂ ਤੇਲ ਦੀਆਂ ਕੁਝ ਵੱਡੀਆਂ ਕੰਪਨੀਆਂ, ਜਿਨ੍ਹਾਂ 'ਚ ਬੀ ਪੀ ਸੀ ਐਲ ਅਤੇ ਕੰਕਰ ਸ਼ਾਮਲ ਹਨ, ਦਾ ਵੀ ਨਿੱਜੀਕਰਨ ਕੀਤਾ ਜਾਏਗਾ। ਇਸ ਮੰਤਵ ਲਈ ਇੱਕ ਡਰਾਫਟ ਕੈਬਨਿਟ ਨੋਟ ਤਿਆਰ ਕਰ ਕੇ ਅੰਤਰ ਮੰਤਰਾਲਾ ਸਲਾਹ ਮਸ਼ਵਰੇ ਲਈ ਭੇਜਿਆ ਗਿਆ ਹੈ। ਸਰਕਾਰ ਮਹਿਸੂਸ ਕਰਦੀ ਹੈ ਕਿ ਕੁਝ ਹਲਕੇ ਅਜਿਹੇ ਹਨ, ਜਿੱਥੇ ਪ੍ਰਾਈਵੇਟ ਸੈਕਟਰ ਆਪਣੀ ਵਧੀਆ ਭੂਮਿਕਾ ਨਿਭਾ ਸਕਦਾ ਹੈ। ਸਰਕਾਰ ਦੀ ਇਹ ਸੋਚ ਹੈ ਕਿ ਜਿੱਥੇ ਸਰਕਾਰੀ ਕੰਪਨੀਆਂ ਜਾਂ ਸਰਕਾਰੀ ਅਦਾਰੇ ਵਧੀਆ ਕਾਰਗੁਜ਼ਾਰੀ ਨਹੀਂ ਵਿਖਾ ਸਕੇ, ਉਥੇ ਪ੍ਰਾਈਵੇਟ ਕੰਪਨੀਆਂ ਚੰਗਾ ਕੰਮ ਕਰ ਸਕਦੀਆਂ ਹਨ। ਸਰਕਾਰ ਦੀ ਇਸੇ ਸੋਚ ਹੇਠ ਉਕਤ ਬੈਂਕਾਂ ਅਤੇ ਬੀਮਾ ਕੰਪਨੀਆਂ ਦੇ ਨਾਲ ਕੁਝ ਹੋਰਨਾਂ ਖੇਤਰਾਂ ਦਾ ਵੀ ਨਿੱਜੀਕਰਨ ਕੀਤਾ ਜਾਏਗਾ, ਜਿਨ੍ਹਾਂ 'ਚ ਪੁਲਾੜ ਅਤੇ ਰੱਖਿਆ ਦੇ ਖੇਤਰ ਸ਼ਾਮਲ ਹਨ। ਸਰਕਾਰ ਦੀ ਯੋਜਨਾ ਮੁਤਾਬਕ ਪੰਜਾਬ ਐਂਡ ਸਿੰਧ ਬੈਂਕ, ਇੰਡੀਅਨ ਓਵਰਸੀਜ਼ ਬੈਂਕ, ਬੈਂਕ ਆਫ਼ ਮਹਾਰਾਸ਼ਟਰਾ ਅਤੇ ਬੈਂਕ ਆਫ ਇੰਡੀਆ ਦੇ ਨਾਲ ਸਰਕਾਰ ਦੀ ਮਦਦ ਪ੍ਰਾਪਤ ਤਿੰਨ ਵੱਡੀਆਂ ਬੀਮਾ ਕੰਪਨੀਆਂ ਦਾ ਵੀ ਨਿੱਜੀਕਰਨ ਕੀਤਾ ਜਾਏਗਾ। ਇਨ੍ਹਾਂ ਕੰਪਨੀਆਂ ਵਿੱਚ ਨੈਸ਼ਨਲ ਇੰਸ਼ੋਰੈਂਸ ਕੰਪਨੀ, ਯੂਨਾਈਟਿਡ ਇੰਡੀਆ ਇੰਸ਼ੋਰੈਂਸ ਅਤੇ ਓਰੀਐਂਟਲ ਇੰਸ਼ੋਰੈਂਸ ਕੰਪਨੀ ਸ਼ਾਮਲ ਹਨ। ਬੀਮਾ ਕੰਪਨੀਆਂ ਦੇ ਨਿੱਜੀਕਰਨ ਦਾ ਫੈਸਲਾ ਸਰਕਾਰ ਨੇ ਇਸ ਲਈ ਲਿਆ ਹੈ ਕਿ ਉਕਤ ਕੰਪਨੀਆਂ ਦੇ ਵਿੱਤੀ ਹਾਲਤ ਸੁਧਾਰਨ ਲਈ 12450 ਕਰੋੜ ਰੁਪਏ ਦੀ ਪੂੰਜੀ ਲਾਉਣ ਤੋਂ ਬਾਅਦ ਵੀ ਕੋਈ ਖਾਸ ਫਰਕ ਨਹੀਂ ਪਿਆ। ਸਰਕਾਰ ਦੇ ਇਸ ਨਾਲ ਆਈ ਡੀ ਬੀ ਆਈ ਬੈਂਕ ਦੀ ਵਿੱਤੀ ਹਾਲਤ ਦੇ ਵੀ ਸੁਧਰਨ ਦੀ ਆਸ ਪ੍ਰਗਟਾਈ ਹੈ। ਸਰਕਾਰ ਨੂੰ ਭਰੋਸਾ ਹੈ ਕਿ ਉਕਤ ਬੈਂਕ ਛੇਤੀ ਹੀ ਰਿਜ਼ਰਵ ਬੈਂਕ ਦੀ ਪ੍ਰਾਂਪਟ ਕੁਰੈਕਟਿਵ ਐਕਸ਼ਨ ਫ੍ਰੇਮ ਵਰਕ ਨੀਤੀ ਨੂੰ ਛੱਡ ਦੇਵੇਗਾ ਕਿਉਂਕਿ ਇਸ ਬੈਂਕ ਨੇ ਇਸ ਸਾਲ ਮਾਰਚ ਤੋਂ ਬਾਅਦ ਚੌਖੀ ਪ੍ਰਗਤੀ ਵਿਖਾਈ ਹੈ।

# ਵੋਡਾਫੋਨ ਨੇ ਕਿਹਾ: ਜੋ ਕਮਾਇਆ, ਗੁਆ ਲਿਆ, ਅਤੇ ਸੁਪਰੀਮ ਕੋਰਟ ਕਹਿੰਦੀ: ਫਿਰ ਜੇਲ੍ਹ ਭੇਜਾਂਗੇ

ਨਵੀਂ ਦਿੱਲੀ, 21 ਜੁਲਾਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਐਡਜਸਟਿਡ ਗ੍ਰਾਸ ਰੈਵੇਨਿਊ (ਏ ਜੀ ਆਰ) ਕੇਸ ਦੀ ਸੁਣਵਾਈ ਕਰਦੇ ਹੋਏ ਆਦਿਤਿਆ ਬਿਰਲਾ ਗਰੁੱਪ ਦੀ ਟੈਲੀਕਾਮ ਕੰਪਨੀ ਵੋਡਾਫੋਨ ਆਈਡੀਆ ਨੂੰ ਸਖ਼ਤ ਚਿਤਾਵਨੀ ਦੇ ਕੇ ਅਤੇ ਇੱਥੇ ਤੱਕ ਕਿਹਾ ਹੈ ਕਿ ਉਹ ਕੰਪਨੀ ਦੇ ਅਧਿਕਾਰੀ ਨੂੰ ਜੇਲ੍ਹ ਭੇਜ ਦੇਵੇਗੀ।
ਵਰਨਣ ਯੋਗ ਹੈ ਕਿ ਟੈਲੀਕਾਮ ਵਿਭਾਗ ਵੱਲੋਂ ਵੋਡਾਫੋਨ ਆਈਡੀਆ 'ਤੇ ਕਰੀਬ 58 ਹਜ਼ਾਰ ਕਰੋੜ ਰੁਪਏ ਬਕਾਏ ਦਾ ਕੇਸ ਚੱਲ ਰਿਹਾ ਹੈ। ਸੁਪਰੀਮ ਕੋਰਟ ਨੇ ਇਸ ਕੇਸ 'ਚ ਆਪਣਾ ਹੁਕਮ ਹਾਲ ਦੀ ਘਵੀ 10 ਅਗਸਤ ਤੱਕ ਲਈ ਟਾਲ ਦਿੱਤਾ ਹੈ। ਕੰਪਨੀ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕੋਰਟ ਨੂੰ ਦੱਸਿਆ ਕਿ ਵੋਡਾਫੋਨ ਆਈਡੀਆ ਦਾ 14 ਸਾਲਾਂ ਦਾ ਪੂਰਾ ਰੈਵੇਨਿਊ ਕਰਜ਼ੇ, ਟੈਕਸ ਅਤੇ ਬਕਾਏ ਦੇਣ ਵਿੱਚ ਖ਼ਤਮ ਹੋ ਗਿਆ ਹੈ ਤੇ ਅਸੀਂ ਸਾਰੇ ਦਸਤਾਵੇਜ਼ ਜਿਵੇਂ ਇਨਕਮ ਟੈਕਸ ਰਿਟਰਨ ਆਦਿ ਜਮ੍ਹਾਂ ਕਰਵਾ ਦਿੱਤੇ ਹਨ। ਪ੍ਰੋਮੋਟਰਾਂ ਨੇ ਇੱਕ ਲੱਖ ਕਰੋੜ ਰੁਪਏ ਤੋਂ ਵੱਧ ਕੀਮਤ ਦੇ ਸ਼ੇਅਰ ਖਰੀਦੇ ਸਨ, ਉਹ ਵੀ ਖ਼ਤਮ ਹੋ ਗਏ। ਇਸ ਲਈ ਏ ਜੀ ਆਰ ਦੀ ਰਕਮ ਤੁਰੰਤ ਦੇ ਸਕਣਾ




ਉਸਦੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ। ਵੋਡਾਫੋਨ ਆਈਡੀਆ ਦਾ ਪੱਖ ਸੁਣਨ ਪਿੱਛੋਂ ਜਸਟਿਸ ਅਰੁਣ ਮਿਸ਼ਰਾ ਨੇ ਕਿਹਾ ਕਿ ਜੇ ਦਹਾਕਿਆਂ ਤੋਂ ਤੁਸੀਂ ਘਾਟੇ ਵਿੱਚ ਚੱਲ ਰਹੇ ਹੋ ਤਾਂ ਅਸੀਂ ਤੁਹਾਡੇ 'ਤੇ ਕਿਵੇਂ ਭਰੋਸਾ ਕਰੀਏ? ਤੁਸੀਂ ਏ ਜੀ ਆਰ ਦੇ ਬਕਾਏ ਕਿਵੇਂ ਭਰੋਗੇ? ਜਸਟਿਸ ਅਰੁਣ ਮਿਸ਼ਰਾ ਨੇ ਕਿਹਾ ਕਿ ਜੇ ਤੁਸੀਂ ਸਾਡੇ ਆਦੇਸ਼ ਦਾ ਪਾਲਣ ਨਾ ਕਰੋਗੇ ਤਾਂ ਅਸੀਂ ਸਖ਼ਤ ਕਾਰਵਾਈ ਕਰਾਂਗੇ। ਅੱਗੇ ਤੋਂ ਜਿਹੜਾ ਵੀ ਗਲਤ ਕਰੇਗਾ, ਅਸੀਂ ਉਸ ਨੂੰ ਸਿੱਧੇ ਜੇਲ੍ਹ ਭੇਜ ਦਿਆਂਗੇ।

# ਕਿਤਾਬ ਵਿੱਚ ਭਗਤ ਸਿੰਘ ਨਾਲ ਕੁਰਬਾਨ ਹੁਸੈਨ ਦਾ ਨਾਂਅ ਭਾਜਪਾ ਰਾਜ ਵੇਲੇ ਪਾਇਆ ਗਿਆ ਸੀ

ਮੁੰਬਈ, 21 ਜੁਲਾਈ (ਪੋਸਟ ਬਿਊਰੋ)- ਮਹਾਰਾਸ਼ਟਰ ਸਟੇਟ ਬੋਰਡ ਦੀ ਅੱਠਵੀਂ ਕਲਾਸ ਦੀ ਮਰਾਠੀ ਦੀ ਕਿਤਾਬ ਵਿੱਚ ਸ਼ਹੀਦ ਭਗਤ ਸਿੰਘ ਅਤੇ ਰਾਜਗੁਰੂ ਦੇ ਨਾਲ ਸ਼ਹੀਦ ਸੁਖਦੇਵ ਦਾ ਨਾਂਅ ਕੱਢ ਕੇ ਕੁਰਬਾਨ ਹੁਸੈਨ ਦਾ ਨਾਂਅ ਜੋੜਨ ਬਾਰੇ ਮਹਾਰਾਸ਼ਟਰ ਦੀ ਸਿਖਿਆ ਮੰਤਰੀ ਵਰਸ਼ਾ ਗਾਇਕਵਾੜ ਨੇ ਨੇ ਕਿਹਾ ਹੈ ਕਿ ਮਰਾਠੀ ਪੁਸਤਕ ਵਿੱਚ ਇਹ ਪਾਠ 2018 ਵਿੱਚ ਭਾਰਤੀ ਜਨਤਾ ਪਾਰਟੀ ਦੇ ਰਾਜ ਵਿੱਚ ਜੋੜਿਆ ਗਿਆ ਸੀ। ਇਹ ਪਾਠ ਪ੍ਰਸਿੱਧ ਲੇਖਕ ਯਧੁਨਾਥ ਥੱਤੇ ਦੀ ਪੁਸਤਕ ਤੋਂ ਲਿਆ ਗਿਆ ਸੀ। ਉਨ੍ਹਾਂ ਦੇ ਪਰਵਾਰ ਦੀ ਮਨਜ਼ੂਰੀ ਬਿਨਾਂ ਇਸ ਵਿੱਚ ਤਬਦੀਲੀ ਨਹੀਂ ਕੀਤੀ ਜਾ ਸਕਦੀ। ਇਸ ਪਾਠ ਵਿੱਚ ਤਬਦੀਲੀ ਕੇਂਦਰ ਸਰਕਾਰ ਵੱਲੋਂ ਨਵੀਂ ਸਿਖਿਆ ਨੀਤੀ ਲਾਗੂ ਹੋਣ ਦੇ ਬਾਅਦ ਹੀ ਕੀਤੀ ਜਾ ਸਕਦੀ ਹੈ।
ਵਰਸ਼ਾ ਗਾਇਕਵਾੜ ਦੇ ਅਨੁਸਾਰ ਇਤਿਹਾਸ ਦੀ ਪੁਸਤਕ ਵਿੱਚ ਸ਼ਹੀਦ ਸੁਖਦੇਵ ਦੇ ਨਾਂਅ ਦਾ ਜ਼ਿਕਰ ਸ਼ਹੀਦ ਭਗਤ ਸਿੰਘ ਅਤੇ ਰਾਜਗੁਰੂ ਦੇ ਨਾਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੁਰਬਾਨ ਹੁਸੈਨ ਸ਼ੋਲਾਪੁਰ ਦੇ ਵਸਨੀਕ ਆਜ਼ਾਦੀ ਘੁਲਾਟੀਏ ਸਨ। ਕਿਸੇ ਨੂੰ ਬਲਿਦਾਨੀਆਂ ਦਾ ਧਰਮ ਨਹੀਂ ਦੇਖਣਾ ਚਾਹੀਦਾ। ਇਸ ਦਾ ਵਿਰੋਧ ਹੋਣ ਲੱਗਾ ਹੈ। ਪੁਣੇ ਦੇ ਦੋ ਸੰਗਠਨਾਂ ਬ੍ਰਾਹਮਣ ਮਹਾਸੰਘ ਅਤੇ ਸੰਭਾਜੀ ਬ੍ਰਿਗੇਡ ਨੇ ਦੋਸ਼ ਲਾਇਆ ਹੈ ਕਿ ਇਤਿਹਾਸ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਮਾਮਲੇ ਵਿੱਚ ਸ਼ਹੀਦ ਸੁਖਦੇਵ ਦੇ ਵਾਰਸਾਂ ਨੇ ਵੀ ਇਤਰਾਜ਼ ਜਤਾਇਆ ਹੈ। ਸ਼ਹੀਦ ਸੁਖਦੇਵ ਥਾਪਰ ਮੈਮੋਰੀਅਲ ਟਰੱਸਟ ਦੇ ਮੁਖੀ ਅਸ਼ੋਕ ਥਾਪਰ ਨੇ ਇਸ ਬਾਰੇ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਪੰਜਾਬ ਨੂੰ ਪੱਤਰ ਲਿਖ ਕੇ ਅਲਟੀਮੇਟਮ ਦਿੱਤਾ ਕਿ ਦੋ ਹਫਤੇ ਵਿੱਚ ਇਸ ਪਾਠ ਨੂੰ ਸਿਲੇਬਸ ਵਿੱਚੋਂ ਨਹੀਂ ਹਟਾਇਆ ਤਾਂ ਉਹ ਲੇਖਕ, ਪ੍ਰਕਾਸ਼ਕ ਅਤੇ ਸਿਖਿਆ ਬੋਰਡ ਦੇ ਖਿਲਾਫ ਕੇਸ ਦਰਜ ਕਰਵਾਉਣਗੇ।

ਕੈਪਟਨ ਵੱਲੋਂ ਕੇਂਦਰੀ ਮੰਤਰੀ ਨੂੰ ਪੱਤਰ

# ਘੱਟੋ-ਘੱਟ ਸਮਰਥਨ ਮੁੱਲ ਦਾ ਢਾਈ ਫੀਸਦੀ ਕਮਿਸ਼ਨ ਆੜ੍ਹਤੀਆਂ ਲਈ ਬਹਾਲ ਕੀਤਾ ਜਾਵੇ

ਚੰਡੀਗੜ੍ਹ, 21 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਖਪਤਕਾਰ ਮਾਮਲਿਆਂ, ਖੁਰਾਕ ਅਤੇ ਜਨਤਕ ਸਪਲਾਈ ਮੰਤਰੀ ਰਾਮ ਵਿਲਾਸ ਪਾਸਵਾਨ ਤੋਂ ਮੰਗ ਕੀਤੀ ਹੈ ਕਿ ਘੱਟੋ-ਘੱਟ ਸਮਰਥਨ ਮੁੱਲ ਦੇ 2.5 ਫੀਸਦੀ ਕਮਿਸ਼ਨ ਦਾ ਸਿਸਟਮ ਆੜ੍ਹਤੀਆਂ ਲਈ ਕਾਨੂੰਨੀ ਤੌਰ ਉੱਤੇ ਬਹਾਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮੌਜੂਦਾ ਨੀਤੀ ਤੋਂ ਕਿਸੇ ਵੀ ਤਰ੍ਹਾਂ ਪਿੱਛੇ ਹਟਣ ਨਾਲ ਝੋਨਾ ਖ਼ਰੀਦਣ ਵੇਲੇ ਗੰਭੀਰ ਖੜੋਤ ਆ ਸਕਦੀ ਹੈ।
ਇਹ ਮਹਿਸੂਸ ਕਰਦਿਆਂ ਕਿ ਹਾੜ੍ਹੀ ਦੇ ਮੰਡੀ ਸੀਜ਼ਨ ਲਈ ਦਿੱਤਾ ਗਿਆ ਕਮਿਸ਼ਨ ਘੱਟੋ-ਘੱਟ ਸਮਰਥਨ ਮੁੱਲ ਦੇ 2.5 ਫੀਸਦੀ ਦੇ ਕਾਨੂੰਨੀ ਪ੍ਰਬੰਧਾਂ ਦੇ ਉਲਟ ਹੈ, ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਮੰਤਰੀ ਤੋਂ ਮੰਗ ਕੀਤੀ ਕਿ ਹਾੜ੍ਹੀ ਦੇ ਮਾਰਕੀਟਿੰਗ ਸੀਜ਼ਨ 2020-21 ਲਈ ਆਰਜ਼ੀ ਕੀਮਤ ਸੂਚੀ ਸੋਧੀ ਜਾਵੇ, ਜੋ ਭਾਰਤ ਸਰਾਕਰ ਦੇ ਖੁਰਾਕ ਤੇ ਜਨਤਕ ਸਪਲਾਈ



ਵਿਭਾਗ ਨੇ ਜਾਰੀ ਕੀਤੀ ਹੈ। ਇਸ ਸੂਚੀ ਅਨੁਸਾਰ ਆੜ੍ਹਤੀਆਂ ਦਾ ਕਮਿਸ਼ਨ ਉਕਾ-ਪੱਕਾ 46 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਤੈਅ ਕੀਤਾ ਗਿਆ ਹੈ, ਜੋ ਅਸਲ ਖ਼ਰਚੇ ਦੇ ਕੁਝ ਅਨੁਮਾਨਾਂ 'ਤੇ ਤੈਅ ਕੀਤਾ ਲੱਗਦਾ ਹੈ। ਇਸ ਬਾਰੇ ਉਨ੍ਹਾ ਨੇ ਲਿਖਿਆ ਹੈ ਕਿ ਆੜ੍ਹਤੀਆਂ ਨੂੰ ਦਿੱਤੇ ਜਾਂਦੇ ਕਮਿਸ਼ਨ ਦੀ ਮੌਜੂਦਾ ਰ ਤਿ 'ਦਿ ਪੰਜਾਬ ਐਗਰੀਕਲਚਰ ਪ੍ਰੋਡਿਊਸ ਮਾਰਕੀਟਿੰਗ ਐਕਟ 1961' ਤੇ ਇਸ ਦੇ ਤਹਿਤ ਬਣਾਏ ਨਿਯਮਾਂ ਦੇ ਕਾਨੂੰਨੀ ਪ੍ਰਬੰਧਾਂ ਮੁਤਾਬਕ ਚੱਲਦੀ ਹੈ। 'ਦਿ ਪੰਜਾਬ ਐਗਰੀਕਲਚਰ ਪ੍ਰੋਡਿਊਸ ਮਾਰਕੀਟਜ਼ (ਜਨਰਲ) ਰੂਲਜ਼ 1962' ਦੇ ਨਿਯਮ 24 ਏ ਹੇਠ ਇਹ ਕਮਿਸ਼ਨ ਕਣਕ/ਝੋਨੇ ਦੀ ਵਿਕਰੀ ਕੀਮਤ ਦੇ 2.5 ਫੀਸਦੀ ਦੇ ਹਿਸਾਬ ਦਿੱਤਾ ਜਾਣਾ ਤੈਅ ਹੁੰਦਾ ਹੈ। ਮੁੱਖ ਮੰਤਰੀ ਨੇ ਲਿਖਿਆ ਹੈ ਕਿ ਕੋਵਿਡ-19 ਦੀ ਮਹਾਮਾਰੀ ਦੇ ਸਿੱਟੇ ਵਜੋਂ ਪੰਜਾਬ ਦੇ ਅਰਥਚਾਰੇ ਦੇ ਸਾਰੇ ਖੇਤਰਾਂ ਦੇ ਉਤਪਾਦਨ ਅਤੇ ਖਪਤ ਮਾਪੰਦਡਾਂ ਵਿੱਚ ਖੜੋਤ ਆਉਣ ਨਾਲ ਪੰਜਾਬ ਪਹਿਲਾਂ ਹੀ ਗੰਭੀਰ ਵਿੱਤੀ ਸੰਕਟ ਨਾਲ ਜੂਝ ਰਿਹਾ ਹੈ। ਸਾਰੀਆਂ ਸਮੱਸਿਆਵਾਂ ਦੇ ਬਾਵਜੂਦ ਹਾੜ੍ਹੀ ਦੇ ਖ਼ਰੀਦ ਸੀਜ਼ਨ 2021-21 ਦੌਰਾਨ ਆੜ੍ਹਤੀਆਂ ਨੇ ਨਿਰਵਿਘਨ ਖ਼ਰੀਦ ਯਕੀਨੀ ਬਣਾਉਣ ਵਿੱਚ ਵੱਡਾ ਯੋਗਦਾਨ ਪਾਇਆ ਹੈ। ਇਸ ਨਾਲ ਆਪ੍ਰੇਸ਼ਨਲ ਸਟਾਕ ਅਤੇ ਐਫ ਸੀ ਆਈ ਦੇ ਖੁਰਾਕ ਸੁਰੱਖਿਆ ਸਟਾਕ /ਰਾਖਵੇਂ ਸਟਾਕ ਦੇ ਚੰਗੇ ਪ੍ਰਬੰਧ ਯਕੀਨੀ ਬਣੇ ਅਤੇ ਭਾਰਤ ਸਰਕਾਰ 'ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ' (ਪੀ ਐਮ ਜੀ ਕੇ ਏ ਵਾਈ) ਅਤੇ ਆਤਮ ਨਿਰਭਰ ਭਾਰਤ' ਸਕੀਮ ਤਹਿਤ ਅਨਾਜ ਦੀ ਵੰਡ ਖੁੱਲ੍ਹ ਹੱਥ ਨਾਲ ਕਰਨ ਦੇ ਸਮਰੱਥ ਹੋ ਸਕੀ ਹੈ।


ਮਾਮਲਾ ਵੀਡੀਓ ਬਣਾ ਕੇ ਖੁਦਕਸ਼ੀ

# ਫਰਾਰ ਮਕਾਨ ਮਾਲਕ ਉੱਤੇ ਕੇਸ ਦਰਜ, ਗ੍ਰਿਫ਼ਤਾਰੀ ਲਈ ਭਾਲ ਜਾਰੀ

ਜਲੰਧਰ, 21 ਜੁਲਾਈ (ਪੋਸਟ ਬਿਊਰੋ)- ਗਰੀਨ ਮਾਡਲ ਟਾਊਨ ਦੇ ਖੇਤਰ 'ਚ ਕਿਰਾਏ ਦੇ ਮਕਾਨ 'ਚ ਰਹਿੰਦੇ ਗੁਰਪ੍ਰੀਤ ਸਿੰਘ ਉਰਫ਼ ਗੁਰੀ (27) ਪੁੱਤਰ ਦੇਵਰਾਜ ਵੱਲੋਂ ਮਕਾਨ ਮਾਲਕ 'ਤੇ ਤੰਗ ਕਰਨ ਦੇ ਦੋਸ਼ ਲਾ ਕੇ ਵੀਡੀਓ ਬਣਾਉਂਦੇ ਹੋਏ ਖੁਦਕੁਸ਼ੀ ਕਰ ਲੈਣ ਬਾਰੇ ਥਾਣਾ ਡਵੀਜ਼ਨ ਨੰਬਰ-6 ਦੀ ਪੁਲਸ ਨੇ ਮ੍ਰਿਤਕ ਦੀ ਪਤਨੀ ਸੋਨੀ ਉਰਫ਼ ਸਿਮੀ ਦੇ ਬਿਆਨਾਂ ਦੇ ਆਧਾਰ 'ਤੇ ਮਕਾਨ ਮਾਲਕ ਹਰਪ੍ਰੀਤ ਸਿੰਘ ਬਾਠ ਵਾਸੀ ਅਰਬਨ ਅਸਟੇ੍ਟ-1 ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ ਅਤੇ ਉਸ ਦੀ ਭਾਲ 'ਚ ਛਾਪੇ ਮਾਰੇ ਜਾ ਰਹੇ ਹਨ। ਥਾਣਾ ਮੁਖੀ ਸੁਰਜੀਤ ਸਿੰਘ ਗਿੱਲ ਨੇ ਦੱਸਿਆ ਕਿ ਹਰਪ੍ਰੀਤ ਸਿੰਘ ਦੀ ਪਠਾਨਕੋਟ ਦੇ ਖੇਤਰ 'ਚ ਹੋਣ ਬਾਰੇ ਸੂਚਨਾ ਮਿਲੀ ਸੀ, ਜਿਸ ਲਈ ਇੱਕ ਪੁਲਸ ਪਾਰਟੀ ਉਸਦੀ ਭਾਲ 'ਚ ਭੇਜੀ ਗਈ ਹੈ। ਵਰਨਣ ਯੋਗ ਹੈ ਕਿ ਗੁਰੀ ਨੇ ਫੇਸਬੁੱਕ 'ਤੇ ਲਾਈਵ ਹੋ ਕੇ ਮਕਾਨ ਮਾਲਕ ਵੱਲੋਂ ਪ੍ਰੇਸ਼ਾਨ ਕਰਨ ਦੇ ਦੋਸ਼ ਲਾਏ ਸਨ। ਉਸ ਨੇ ਖੁਦਕੁਸ਼ੀ ਕਰਨ ਤੋਂ ਪਹਿਲ ਕਿਹਾ ਸੀ ਕਿ ਉਸ ਨਾਲ ਬਿਨਾ ਵਜ੍ਹਾ ਕੁੱਟਮਾਰ ਕੀਤੀ ਜਾਂਦੀ ਹੈ ਤੇ ਉਸ ਨੂੰ ਝੂਠ ਕੇਸਾਂ 'ਚ ਫਸਾਉਣ ਦੀ ਧਮਕੀ ਦਿੱਤੀ ਜਾਂਦੀ ਹੈ। ਉਸ ਨੂੰ ਮਜ਼ਬੂਰ ਕੀਤਾ ਜਾ ਰਿਹਾ ਹੈ ਕਿ 84 ਹਜ਼ਾਰ ਰੁਪਏ ਮਕਾਨ ਕਿਰਾਏ ਵਜੋਂ ਦੇਵੇ, ਜਦਕਿ ਉਸ ਨੇ ਦਿਨ ਰਾਤ ਮਕਾਨ ਮਾਲਕ ਲਈ ਕੰਮ ਕੀਤਾ ਹੈ। ਗੁਰੀ ਨੇ ਦੱਸਿਆ ਕਿ ਉਹ ਇਸੇ ਤੰਗੀ ਕਾਰਨ ਖੁਦਕੁਸ਼ੀ ਕਰ ਰਿਹਾ ਹੈ। ਪੁਲਸ ਦਾ ਦਾਅਵਾ ਹੈ ਕਿ ਜਲਦ ਹੀ ਮੁਲਜ਼ਮ ਦੀ ਭਾਲ ਕਰਕੇ ਬਣਦੀ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਸ਼ਰਾਬ ਡਿਲਿਵਰੀ ਡਰਾਈਵਰ ਵੱਲੋਂ ਕਾਰਿੰਦੇ ਦਾ ਕਤਲ

ਲੁਧਿਆਣਾ, 21 ਜੁਲਾਈ (ਪੋਸਟ ਬਿਊਰੋ)- ਸਾਊਥ ਸਿਟੀ ਸਿੱਧਵਾਂ ਨਹਿਰ ਦੇ ਕਿਨਾਰੇ ਸ਼ਰਾਬ ਦੇ ਠੇਕੇ 'ਤੇ ਕਾਰਿੰਦੇ ਅਤੇ ਸ਼ਰਾਬ ਦੀ ਡਿਲਿਵਰੀ ਕਰਨ ਵਾਲੇ ਡਰਾਈਵਰ ਵਿੱਚ ਐਤਵਾਰ ਸ਼ਾਮ ਹੋਏ ਝਗੜੇ ਪਿੱਛੋਂ ਦੇਰ ਰਾਤ ਕਾਰਿੰਦੇ ਦੀ ਹੱਤਿਆ ਹੋ ਗਈ। ਡਰਾਈਵਰ ਨੇ ਦੇਰ ਰਾਤ ਕਾਰਿੰਦੇ ਦੀ ਛਾਤੀ ਵਿੱਚ ਤਲਵਾਰ ਮਾਰ ਕੇ ਮਾਰ ਦਿੱਤਾ। ਇਸ ਘਟਨਾ ਦੇ ਬਾਅਦ ਦੋਸ਼ੀ ਫਰਾਰ ਹੋ ਗਿਆ। ਮ੍ਰਿਤਕ ਦੀ ਪਛਾਣ ਯੂ ਪੀ ਦੇ ਬਰੇਲੀ ਵਾਸੀ ਸੁਭਾਸ਼ ਜੈਸਵਾਲ (35) ਵਜੋਂ ਹੋਈ ਹੈ।
ਸੂਚਨਾ ਮਿਲਦੇ ਸਾਰ ਏ ਡੀ ਸੀ ਪੀ ਦੋ ਗੁਰਪ੍ਰੀਤ ਕੌਰ ਪੁਰੇਵਾਲ, ਏ ਸੀ ਪੀ ਕਰਾਈਮ ਮਨਦੀਪ ਸਿੰਘ ਅਤੇ ਹੋਰ ਅਧਿਕਾਰੀਆਂ ਨੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਅਤੇ ਮਨਪ੍ਰੀਤ ਸਿੰਘ ਮਨੀ ਦੇ




ਖਿਲਾਫ ਕਤਲ ਦਾ ਮਾਮਲਾ ਦਰਜ ਕਰ ਕੇ ਦੋਸ਼ੀ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ। ਪਤਾ ਲੱਗਾ ਹੈ ਕਿ ਸਿੱਧਵਾਂ ਨਹਿਰ ਕੰਢੇ ਸਾਊਥ ਸਿਟੀ ਦੇ ਨਜ਼ਦੀਕ ਐੱਨ ਕੇ ਵਾਈਨ ਦਾ ਠੇਕਾ ਹੈ, ਜਿੱਥੇ ਸੁਭਾਸ਼ ਜੈਸਵਾਲ ਤੇ ਰਾਜਿੰਦਰ ਕੁਮਾਰ ਦੋ ਕਾਰਿੰਦੇ ਕੰਮ ਕਰਦੇ ਹਨ। ਐਤਵਾਰ ਸ਼ਾਮ ਜਦ ਕੰਪਨੀ ਦਾ ਡਰਾਈਵਰ ਮਨਪ੍ਰੀਤ ਸਿੰਘ ਮਨੀ ਸ਼ਰਾਬ ਦੀਆਂ ਪੇਟੀਆਂ ਛੱਡਣ ਗਿਆ ਤਾਂ ਸ਼ਰਾਬ ਦੀਆਂ ਪੇਟੀਆਂ ਨੂੰ ਉਤਾਰਨ ਤੋਂ ਸੁਭਾਸ਼ ਅਤੇ ਮਨਪ੍ਰੀਤ ਸਿੰਘ ਦੀ ਬਹਿਸ ਹੋ ਗਈ। ਮਨਪ੍ਰੀਤ ਸਿੰਘ ਬਦਲਾ ਲੈਣ ਦੀਆਂ ਧਮਕੀਆਂ ਦੇ ਕੇ ਚਲਾ ਗਿਆ। ਉਸ ਦੇ ਬਾਅਦ ਮਨਪ੍ਰੀਤ ਸਿੰਘ ਨੇ ਦੇਰ ਰਾਤ ਕਰੀਬ 11 ਵਜੇ ਆ ਕੇ ਸੁਭਾਸ਼ ਜੈਸਵਾਲ ਨੂੰ ਲਲਕਾਰਿਆ। ਜਦੋਂ ਸੁਭਾਸ਼ ਸ਼ਟਰ ਦੇ ਸੁਰਾਖ ਵਿੱਚੋਂ ਬਾਹਰ ਦੇਖਣ ਕਰਨ ਲੱਗਾ ਤਾਂ ਮਨਪ੍ਰੀਤ ਸਿੰਘ ਨੇ ਉਸ ਦੀ ਛਾਤੀ ਵਿੱਚ ਤਲਵਾਰ ਖੋਭ ਦਿੱਤੀ। ਸੁਭਾਸ਼ ਦੇ ਦਿਲ ਵਿੱਚ ਤਲਵਾਰ ਲੱਗਣ ਕਾਰਨ ਉਸ ਦੀ ਮੌਕੇ 'ਤੇ ਮੌਤ ਹੋ ਗਈ ਤੇ ਮਨਪ੍ਰੀਤ ਸਿੰਘ ਫਰਾਰ ਹੋ ਗਿਆ। ਥਾਣਾ ਪੀ ਏ ਯੂ ਦੇ ਐੱਸ ਐੱਚ ਓ ਪਰਮਦੀਪ ਸਿੰਘ ਅਨੁਸਾਰ ਮ੍ਰਿਤਕ ਦੇ ਚਚੇਰੇ ਭਰਾ ਮਨੀਸ਼ ਕੁਮਾਰ ਦੇ ਬਿਆਨਾਂ 'ਤੇ ਦੋਸ਼ੀ ਮਨਪ੍ਰੀਤ ਸਿੰਘ ਦੇ ਖਿਲਾਫ ਕਤਲ ਕੇਸ ਦਰਜ ਕਰ ਕੇ ਦੋਸ਼ੀ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

# ਫੀਸ ਬਾਰੇ ਫੈਸਲਾ ਹੋਣ ਤੱਕ ਵਿਦਿਆਰਥੀ ਦਾ ਨਾਂਅ ਸਕੂਲ ਨਹੀਂ ਕੱਟ ਸਕਣਗੇ : ਹਾਈ ਕੋਰਟ

ਚੰਡੀਗੜ੍ਹ, 21 ਜੁਲਾਈ (ਪੋਸਟ ਬਿਊਰੋ)- ਪੰਜਾਬ ਵਿੱਚ ਨਿੱਜੀ ਸਕੂਲਾਂ ਦੀ ਭਾਰੀ ਫੀਸ ਤੋਂ ਮਾਪਿਆਂ ਨੂੰ ਰਾਹਤ ਦੇਣ ਦਾ ਫੈਸਲਾ ਪੰਜਾਬ ਫੀਸ ਰੈਗੂਲੇਟਰੀ ਅਥਾਰਟੀ ਕਰੇਗੀ, ਪਰ ਓਨੀ ਦੇਰ ਵਿਦਿਆਰਥੀਆਂ ਦੇ ਨਾਂਅ ਕੋਈ ਵੀ ਸਕੂਲ ਫੀਸ ਨਾ ਦੇਣ ਕਾਰਨ ਨਹੀਂ ਕੱਟ ਸਕਦਾ, ਇਹ ਹੁਕਮ ਹਾਈ ਕੋਰਟ ਨੇ ਦਿੱਤਾ ਹੈ।
ਪ੍ਰਾਈਵੇਟ ਸਕੂਲਾਂ ਦੀ ਫੀਸ ਦੇ ਸੰਬੰਧ ਵਿੱਚ ਪੰਜਾਬ ਹਰਿਆਣਾ ਹਾਈ ਕੋਰਟ ਦੇ ਸਿੰਗਲ ਬੈਂਚ ਨੇ ਪਹਿਲੇ ਫੈਸਲੇ ਦੇ ਖਿਲਾਫ ਮਾਪਿਆਂ ਅਤੇ ਪੰਜਾਬ ਸਰਕਾਰ ਦੀਆਂ ਅਪੀਲਾਂ 'ਤੇ ਸੁਣਵਾਈ ਕਰਦੇ ਹੋਏ ਚੀਫ ਜਸਟਿਸ ਰਵੀ ਸ਼ੰਕਰ ਝਾਅ ਤੇ ਜਸਟਿਸ ਅਰੁਣ ਪੱਲੀ ਦੀ ਅਦਾਲਤ ਨੇ ਮਾਪਿਆਂ ਨੂੰ ਅੰਤ੍ਰਿਮ ਰਾਹਤ ਦਿੰਦੇ ਹੋਏ ਕਿਹਾ ਕਿ ਮਾਤਾ-ਪਿਤਾ ਫੀਸ ਮੁਆਫੀ ਲਈ ਫੀਸ ਰੈਗੂਲੇਟਰੀ ਅਥਾਰਟੀ ਨੂੰ ਅਰਜ਼ੀ ਦੇ ਸਕਦੇ ਹਨ ਤੇ ਇਸ ਉੱਤੇ ਅਥਾਰਟੀ ਦੇ ਫੈਸਲੇ ਤੱਕ ਕੋਈ ਨਿੱਜੀ ਸਕੂਲ ਕਿਸੇ ਵਿਦਿਆਰਥੀ ਦੀ ਪੜ੍ਹਾਈ ਵਿੱਚ ਰੁਕਾਵਟ ਪੈਦਾ ਨਹੀਂ ਕਰੇਗਾ ਅਤੇ ਉਸ ਦਾ ਨਾਂਅ ਨਹੀਂ ਕੱਟੇਗਾ। ਇਸ ਕੇਸ ਵਿੱਚ ਕੱਲ੍ਹ ਹੋਈ ਸੁਣਵਾਈ ਦੌਰਾਨ ਹਾਈ ਕੋਰਟ ਨੇ ਮਾਪਿਆਂ ਤੇ ਪੰਜਾਬ ਸਰਕਾਰ ਦੀਆਂ ਅਪੀਲਾਂ 'ਤੇ ਨੋਟਿਸ ਜਾਰੀ ਕਰ ਦਿੱਤੇ, ਪਰ ਅਦਾਲਤ ਨੇ ਸਿੰਗਲ ਬੈਂਚ ਦੇ ਉਸ ਫੈਸਲੇ 'ਤੇ ਰੋਕ ਲਾਉਣ ਤੋਂ ਇਨਕ-ਾਰ ਕਰ ਦਿੱਤਾ, ਜਿਸ ਵਿੱਚ ਸਿੰਗਲ ਜੱਜ ਨੇ ਸਾਰੇ ਨਿੱਜੀ ਸਕੂਲਾਂ ਨੂੰ ਟਿਊਸ਼ਨ ਫੀਸ ਸਮੇਤ ਦਾਖਲਾ ਫੀਸ ਆਦਿ ਲੈਣ ਦੀ ਛੋਟ ਦੇ ਦਿੱਤੀ ਸੀ।
ਫਿਰ ਵੀ ਫੀਸ ਦੇਣ 'ਚ ਮੁਸ਼ਕਲ ਮਹਿਸੂਸ ਕਰਦੇ ਮਾਪਿਆਂ ਨੂੰ ਅੰਤ੍ਰਿਮ ਰਾਹਤ ਦਿੰਦੇ ਹੋਏ ਹਾਈ ਕੋਰਟ ਨੇ ਕਿਹਾ ਕਿ ਅਜਿਹੇ ਮਾਤਾ-ਪਿਤਾ ਫੀਸ ਮੁਆਫੀ ਲਈ ਸਕੂਲ ਮੈਨੇਜਮੈਂਟ ਦੇ ਫੈਸਲੇ 'ਤੇ ਸੰਤੁਸ਼ਟ ਨਾ ਹੋਣ ਤਾਂ ਪੰਜਾਬ ਰੈਗੂਲੇਸ਼ਨ ਆਫ ਫੀ ਆਫ ਅਨਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਸ ਐਕਟ 2016 ਹੇਠ ਬਣੀ ਫੀਸ ਰੈਗੂਲੇਟਰੀ ਨੂੰ ਅਰਜ਼ੀ ਦੇ ਸਕਣਗੇ। ਮਾਪਿਆਂ ਦੀ ਫੀਸ ਮੁਆਫੀ ਦੀ ਅਰਜ਼ੀ 'ਤੇ ਰੈਗੂਲੇਟਰੀ ਅਥਾਰਟੀ ਦੇ ਫੈਸਲੇ ਤੱਕ ਕੋਈ ਨਿੱਜੀ ਸਕੂਲ ਫੀਸ ਨਾ ਦੇਣ ਵਾਲੇ ਵਿਦਿਆਰਥੀਆਂ ਦੇ ਨਾਂਅ ਨਹੀਂ ਕੱਟ ਸਕਦਾ। ਮਾਪਿਆਂ ਦੀ ਪੈਰਵੀ ਕਰ ਰਹੇ ਐਡਵੋਕੇਟ ਆਰ ਐੱਸ ਬੈਂਸ ਨੇ ਕਿਹਾ ਕਿ ਫੀਸ ਵਿੱਚ ਰਾਹਤ ਲਈ ਮਾਪਿਆਂ ਨੂੰ ਪਹਿਲਾਂ ਸਕੂਲ ਮੈਨੇਜਮੈਂਟ ਨੂੰ ਅਰਜ਼ੀ ਦੇਣੀ ਪਵੇਗੀ।

# ਗਾਇਕ ਮੂਸੇਵਾਲਾ ਵਿਰੁਧ 'ਸੰਜੂ' ਗੀਤ ਲਈ ਨਵਾਂ ਕੇਸ ਦਰਜ

ਐਸ ਏ ਐਸ ਨਗਰ, 21 (ਪੋਸਟ ਬਿਊਰੋ)- ਪੰਜਾਬ ਪੁਲਸ ਨੇ ਵਿਵਾਦਾਂ 'ਚ ਘਿਰੇ ਗਾਇਕ ਸਿੱਧੂ ਮੂਸੇਵਾਲਾ ਨੂੰ ਅਸਲਾ ਕਾਨੂੰਨ ਦੇ ਕੇਸ ਵਿੱਚ ਮਿਲੀ ਅਗਾਊਂ ਜ਼ਮਾਨਤ ਰੱਦ ਕਰਵਾਉਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਜਾਣ ਲਈ ਤਿਆਰੀ ਕਰ ਲਈ ਹੈ। ਇਸੇ ਦੌਰਾਨ ਮੂਸੇਵਾਲਾ ਦੇ ਵਿਰੁਧ ਕ੍ਰਾਈਮ ਸ਼ਾਖਾ ਨੇ ਉਸ ਦੇ ਨਵੇਂ ਗੀਤ 'ਸੰਜੂ' ਨਾਲ ਹਿੰਸਾ ਤੇ ਬੰਦੂਕ ਸਭਿਆਚਾਰ ਨੂੰ ਉਤਸ਼ਾਹਤ ਕਰਨ ਦੇ ਦੋਸ਼ ਹੇਠ ਇੱਕ ਹੋਰ ਮੁੱਕਦਮਾ ਦਰਜ ਕੀਤਾ ਹੈ। ਵਰਨਣ ਯੋਗ ਹੈ ਇਹ ਗੀਤ ਕੁਝ ਦਿਨ ਪਹਿਲਾਂ ਹੀ ਸੋਸ਼ਲ ਮੀਡੀਆ 'ਤੇ ਰਿਲੀਜ਼ ਹੋਇਆ ਸੀ।
ਪੰਜਾਬ ਦੇ ਏ ਡੀ ਜੀ ਪੀ ਅਤੇ ਡਾਇਰੈਕਟਰ ਪੰਜਾਬ ਬਿਊਰੋ ਆਫ਼ ਇਨਵੈਸਟੀਗੇਸ਼ਨ ਅਰਪਿਤ ਸ਼ੁਕਲਾ ਨੇ ਕੱਲ੍ਹ ਏਥੇ ਦੱਸਿਆ ਕਿ ਪੁਲਸ ਨੂੰ ਮਿਲੀ ਜਾਣਕਾਰੀ ਦੇ ਆਧਾਰ 'ਤੇ ਸਿੱਧੂ ਮੂਸੇਵਾਲਾ ਦੇ ਵਿਰੁਧ ਮੁਹਾਲੀ ਵਿਖੇ ਕੇਸ ਦਰਜ ਕੀਤਾ ਗਿਆ। ਉਸ ਦਾ ਗੀਤ 'ਸੰਜੂ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫ਼ਾਰਮਾਂ 'ਤੇ ਚੱਲ ਰਿਹਾ ਹੈ ਤੇ ਹਥਿਆਰਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਦਾ ਹੈ, ਜਿਸ ਵਿੱਚ ਵੱਖ-ਵੱਖ ਕੇਸ ਦਰਜ ਹੋਣ ਨੂੰ ਵਡਿਆਈ ਦੱਸਿਆ ਗਿਆ ਹੈ, ਜਿਨ੍ਹਾਂ ਵਿੱਚੋਂ ਇੱਕ ਕੇਸ



ਅਸਲਾ ਕਾਨੂੰਨ ਅਧੀਨ ਦਰਜ ਹੋਇਆ ਹੈ। ਏ ਡੀ ਜੀ ਪੀ ਨੇ ਕਿਹਾ ਕਿ ਪੁਲਸ ਛੇਤੀ ਹੀ ਹਾਈ ਕੋਰਟ ਵੱਲੋਂ ਉਸ ਨੂੰ ਮਿਲੀ ਅਗਾਊਂ ਜ਼ਮਾਨਤ ਰੱਦ ਕਰਨ ਲਈ ਪਟੀਸ਼ਨ ਦਾਇਰ ਕਰੇਗੀ। ਸ਼ੁਕਲਾ ਨੇ ਕਿਹਾ ਕਿ ਇਹ ਤਸਦੀਕ ਹੋ ਗਿਆ ਹੈ ਕਿ ਨਵਾਂ ਵੀਡੀਓ-ਗੀਤ, 'ਸੰਜੂ' ਮੂਸੇਵਾਲਾ ਦੇ ਅਧਿਕਾਰਤ ਯੂਟਿਊਬ ਚੈਨਲ ਉਤੇ ਅਪਲੋਡ ਕੀਤਾ ਗਿਆ ਸੀ। ਇਸ ਗੀਤ ਵਿੱਚ ਮੂਸੇਵਾਲਾ ਨੇ ਆਪਣੇ ਵਿਰੱਧ ਅਸਲਾ ਕਾਨੂੰਨ ਹੇਠ ਦਰਜ ਕੀਤੇ ਕੇਸ ਦਾ ਹਵਾਲਾ ਦਿੱਤਾ ਹੈ ਤੇ ਵੀਡੀਓ ਦੀ ਸ਼ੁਰੂਆਤ ਉਸ ਬਾਰੇ ਇੱਕ ਨਿਊਜ਼-ਕਲਿੱਪ ਤੋਂ ਹੁੰਦੀ ਹੈ ਜਿਸ ਲਈ ਪੁਲਸ ਨੇ ਏ ਕੇ 47 ਰਾਈਫ਼ਲ ਦੀ ਅਣ-ਅਧਿਕਾਰਤ ਵਰਤੋਂ ਲਈ ਉਸ ਵਿਰੁਧ ਕੇਸ ਦਰਜ ਕੀਤਾ ਸੀ। ਇਸ ਵੀਡੀਓ ਵਿੱਚ ਮੂਸੇਵਾਲਾ ਦੀ ਨਿਊਜ਼ ਕਲਿੱਪ ਨੂੰ ਬਾਅਦ ਵਿੱਚ ਬਾਲੀਵੁੱਡ ਅਭਿਨੇਤਾ ਸੰਜੇ ਦੱਤ ਨੂੰ ਅਜਿਹੇ ਜੁਰਮਾਂ ਲਈ ਦੋਸ਼ੀ ਠਹਿਰਾਏ ਜਾਣ ਅਤੇ ਸਜ਼ਾ ਸੁਣਾਏ ਜਾਣ ਦੀਆਂ ਖ਼ਬਰਾਂ ਨਾਲ ਮਿਲਾ ਦਿੱਤਾ ਗਿਆ। ਸ਼ੁਕਲਾ ਨੇ ਕਿਹਾ ਕਿ ਗੀਤ ਦੇ ਬੋਲ ਅਤੇ ਵੀਡੀਓ ਗ਼ੈਰ-ਕਾਨੂੰਨੀ ਹਥਿਆਰਾਂ ਨੂੰ ਰੱਖਣ ਅਤੇ ਵਰਤੋਂ ਕਰਨ ਨੂੰ ਉਤਸ਼ਾਹਤ ਕਰਦੇ ਹਨ ਅਤੇ ਇੱਕ ਵਿਅਕਤੀ 'ਤੇ ਪਰਚੇ ਦਰਜ ਹੋਣ ਨੂੰ ਮਾਣ ਵਾਲੀ ਗੱਲ ਦਸਦੇ ਹਨ। ਉਨ੍ਹਾ ਨੇ ਗਾਣੇ ਦੇ ਬੋਲ 'ਗੱਭਰੂ ਦੇ ਨਾਲ ਸੰਤਾਲੀ (47) ਜੁੜ ਗਈ, ਘੱਟੋ-ਘੱਟ ਸਜ਼ਾ ਪੰਜ ਸਾਲ ਵੱਟ 'ਤੇ, ਗੱਭਰੂ ਉਤੇ ਕੇਸ ਜਿਹੜਾ ਸੰਜੈ ਦੱਤ 'ਤੇ, ਅਵਾ ਤਬਾ ਬੋਲਦੇ ਵਕੀਲ ਸੋਹਣੀਏ, ਸਾਰੀ ਦੁਨੀਆਂ ਦਾ ਉਹ ਜੱਜ ਸੁਣੀਦਾ, ਜਿੱਥੇ ਸਾਡੀ ਚਲਦੀ ਅਪੀਲ ਸੋਹਣੀਏ', ਨਾ ਸਿਰਫ਼ ਗ਼ੈਰ ਕਾਨੂੰਨੀ ਹਥਿਆਰਾਂ ਦੀ ਵਰਤੋਂ ਨੂੰ ਉਤਸ਼ਾਹਤ ਕਰਦੇ ਹਨ, ਸਗੋਂ ਨਿਆਂ ਪਾਲਿਕਾ, ਪੁਲਸ ਤੇ ਵਕੀਲਾਂ ਨੂੰ ਵੀ ਨੀਵਾਂ ਵਿਖਾਉਂਦੇ ਹਨ। ਸ਼ੁਕਲਾ ਨੇ ਕਿਹਾ ਕਿ ਏਦਾਂ ਲੱਗਦਾ ਹੈ ਕਿ ਉਹ ਪਿੱਛੇ ਜਿਹੇ ਗਾਏ ਆਪਣੇ ਗੀਤ ਨੂੰ ਆਪਣੇ ਲਈ ਸਨਮਾਨ ਵਜੋਂ ਲੈ ਰਿਹਾ ਹੈ। ਮੂਸੇਵਾਲਾ ਇਸ ਗੀਤ ਵਿੱਚ ਏ ਕੇ 47 ਰਾਈਫਲਾਂ ਅਤੇ ਹੋਰ ਹਥਿਆਰਾਂ ਦੀ ਵਰਤੋਂ ਦੀ ਵਡਿਆਈ ਕਰ ਦੇ ਜਾਣ-ਬੁੱਝ ਕੇ ਸਰਹੱਦੀ ਰਾਜ ਦੇ ਨੌਜਵਾਨਾਂ ਨੂੰ ਭੜਕਾਉਣਾ ਅਤੇ ਗੁੰਮ-ਰਾਹ ਕਰਨਾ ਚਾਹੁੰਦਾ ਹੈ, ਜਿਸਨੇ 80 ਅਤੇ 90 ਦੇ ਦਹਾਕੇ ਵਿੱਚ ਅਤਿਵਾਦ ਦੇ ਕਾਲੇ ਦੌਰ ਨੂੰ ਝੱਲਿਆ ਹੈ।



# ਮੰਗਲ ਮਿਸ਼ਨ ਦੀ ਲਾਂਚਿੰਗ ਕਰਨ ਨਾਲ ਯੂ ਏ ਈ ਨੇ ਇਤਿਹਾਸ ਰਚ ਦਿੱਤਾ



ਦੁਬਈ, 21 ਜੁਲਾਈ (ਪੋਸਟ ਬਿਊਰੋ)- ਸੰਯੁਕਤ ਅਰਬ ਅਮੀਰਾਤ (ਯੂ ਏ ਈ) ਨੇ ਆਪਣੇ ਪਹਿਲੇ ਮੰਗਲ ਮਿਸ਼ਨ ਨੂੰ ਕੱਲ੍ਹ ਸਫਲਤਾ ਨਾਲ ਲਾਂਚ ਕਰ ਕੇ ਇਤਿਹਾਸ ਰਚ ਦਿੱਤਾ ਹੈ। ਲਾਲ ਗ੍ਰਹਿ ਲਈ ਪੁਲਾੜ ਵਾਹਨ ਰਵਾਨਾ ਕਰਨ ਵਾਲਾ ਉਹ ਅਰਬ ਜਗਤ ਦਾ ਪਹਿਲਾ ਅਤੇ ਦੁਨੀਆ ਦਾ ਸੱਤਵਾਂ ਦੇਸ਼ ਬਣ ਗਿਆ ਹੈ। ਜਾਪਾਨ ਦੀ ਧਰਤੀ ਤੋਂ ਲਾਂਚ ਕੀਤੇ ਗਏ ਪੁਲਾੜ ਵਾਹਨ 'ਅਲ ਅਮਲ' ਨੇ ਪਹਿਲਾਂ ਸਿਗਨਲ ਵੀ ਛੇਤੀ ਹੀ ਭੇਜ ਦਿੱਤਾ ਸੀ।

ਅਲ ਅਮਲ ਜਾਂ ਹੋਪ ਪ੍ਰੋਬ ਨਾਮਕ ਪੁਲਾੜ ਵਾਹਨ ਨੂੰ ਐਚ-2ਏ ਰਾਕੇਟ ਨਾਲ ਜਾਪਾਨ ਦੇ ਤਾਨੇਗਾਸ਼ਮਾ ਸਪੇਸ ਸੈਂਟਰ ਤੋਂ ਸਥਾਨਕ ਸਮੇਂ ਅਨੁਸਾਰ ਰਾਤ ਇੱਕ ਵੱਜ ਕੇ 58 ਮਿੰਟ 'ਤੇ ਦਾਗਿਆ ਗਿਆ। ਇਸ ਲਾਂਚਿੰਗ ਪਿੱਛੋਂ ਮਿਤਸ਼ੂਬੁਸ਼ੀ ਹੈਵੀ ਇੰਡਸਟਰੀ ਲਾਂਚ ਸਰਵਿਸਿਜ਼ ਨੇ ਦੱਸਿਆ ਕਿ ਪ੍ਰੋਬ ਦਾ ਟੈਲੀਕਾਮ ਸਿਸਟਮ ਸਥਾਪਤ ਕੀਤਾ ਗਿਆ ਹੈ। ਲਾਂਚਿੰਗ ਵਾਹਨ ਤੋਂ ਸਫਲਤਾ ਪੂਰਵਕ ਵੱਖ ਹੋ ਗਿਆ ਅਤੇ ਪਹਿਲਾ ਸਿਗਨਲ ਭੇਜ ਚੁੱਕਾ ਹੈ।

ਖਲੀਜ਼ ਟਾਈਮਜ਼ ਨੇ ਦੱਸਿਆ ਕਿ ਦੁਬਈ ਵਿੱਚ ਬਣਾਏ ਮਿਸ਼ਨ ਕੰਟਰੋਲ ਰੂਮ ਨੂੰ ਸਿਗਨਲ ਮਿਲਣ ਲੱਗੇ ਹਨ। ਯੂ ਏ ਏ ਦੇ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਰਿਮੋਟ ਵਰਕਿੰਗ ਸਿਸਟਮ ਮਾਮਲਿਆਂ ਦੇ ਮੰਤਰੀ ਉਮਰ ਸੁਲਤਾਨ ਅਲ ਅਲਾਮਾ ਨੇ ਕਿਹਾ ਕਿ ਅਮੀਰਾਤ ਦੀ ਟੀਮ ਨੇ ਸਭ ਤੋਂ ਵੱਡੀ ਰੁਕਾਵਟ ਕੋਰੋਨਾ ਮਹਾਮਾਰੀ ਉਤੇ ਜਿੱਤ ਹਾਸਲ ਕਰਦੇ ਹੋਏ ਇਤਿਹਾਸ ਰਚਿਆ ਹੈ। ਯੂ ਏ ਈ ਸਪੇਸ ਏਜੰਸੀ ਦੇ ਚੇਅਰਮੈਨ ਅਹਿਮਦ ਬੇਲਹੌਲ ਅਲ ਫਲਾਸੀ ਨੇ ਕਿਹਾ ਕਿ ਅਮਰੀਕਾ ਅਤੇ ਚੀਨ ਤੋਂ ਅੱਗੇ ਨਿਕਲ ਕੇ ਅੱਜ ਯੂ ਏ ਈ ਮੰਗਲ ਲਈ ਰਵਾਨਾ ਹੋਣ ਵਾਲਾ ਪਹਿਲਾ ਦੇਸ਼ ਬਣ ਗਿਆ ਹੈ। ਇਸ ਸਾਲ ਚੀਨਤੇ ਅਮਰੀਕਾ ਵੀ ਮਿਸ਼ਨ ਲਾਂਚ ਕਰਨ ਵਾਲ ਹਨ।

ਮੀਡੀਆ ਰਿਪੋਰਟਾਂ ਅਨੁਸਾਰ ਯੂ ਏ ਈ ਦੇ ਮੰਗਲ ਮਿਸ਼ਨ ਨੂੰ ਔਰਤ ਵਿਗਿਆਨਕ ਸਾਰਾ-ਅਲ-ਅਮੀਰੀ ਦੀ ਅਗਵਾਈ 'ਚ ਸਿਰੇ ਚਾੜ੍ਹਿਆ ਗਿਆ। ਯੂ ਏ ਈ ਦੇ ਪੁਲਾੜ ਵਾਹਨ ਨੂੰ ਅੱਗੇ ਵਧਾਉਣ ਲਈ ਉਨ੍ਹਾਂ ਨੂੰ ਸਾਲ 2017 ਵਿੱਚ ਇਹ ਜ਼ਿੰਮੇਵਾਰੀ ਸੌਂਪੀ ਗਈ ਸੀ। ਇਸ ਤੋਂ ਪਹਿਲਾਂ ਮੰਗਲ ਲਈ ਅਮਰੀਕਾ, ਰੂਸ, ਜਾਪਾਨ, ਯੂਰਪੀ ਯੂਨੀਅਨ, ਚੀਨ ਤੇ ਭਾਰਤ ਆਪਣੇ ਮਿਸ਼ਨ ਰਵਾਨਾ ਕਰ ਚੁੱਕੇ ਹਨ। ਮੰਗਲ ਲਈ ਸਾਲ 1960 ਵਿੱਚ ਮਿਸ਼ਨ ਦੀ ਸ਼ੁਰੂਆਤ ਹੋਈ ਸੀ। ਸਭ ਤੋਂ ਵੱਧ ਅਮਰੀਕਾ ਅਤੇ ਰੂਸ ਵੱਲੋਂ ਮਿਸ਼ਨ ਰਵਾਨਾ ਕੀਤੇ ਗਏ ਹਨ। ਭਾਰਤ ਨੇ ਪੰਜ ਨਵੰਬਰ 2013 ਨੂੰ ਮੰਗਲਯਾਨ ਰਵਾਨਾ ਕੀਤਾ ਸੀ। ਇਹ ਸਤੰਬਰ 2014 ਤੋਂ ਮੰਗਲ ਗ੍ਰਹਿ ਦੀ ਪਰਿਕਰਮਾ ਕਰ ਰਿਹਾ ਹੈ।

# ਬਲੂਚ ਔਰਤ ਦੀ ਹੱਤਿਆ ਕਾਰਨ ਪਾਕਿਸਤਾਨ ਸਰਕਾਰ ਖਿਲਾਫ ਯੂ ਕੇ ਵਿੱਚ ਵਿਖਾਵਾ

ਲੰਡਨ, 21 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਦੇ ਬਲੂਚਿਸਤਾਨ ਸੂਬੇ 'ਚ ਪਾਕਿਸਤਾਨੀ ਅਰਧ ਫੌਜੀ ਫੋਰਸਾਂ ਤੇ ਡੈੱਥ ਸਕੁਐਡ ਹੱਥੋਂ ਬਲੂਚ ਔਰਤਾਂ ਦੀ ਮੌਤ ਖ਼ਿਲਾਫ਼ ਇੱਕਜੁੱਟਤਾ ਕਮੇਟੀ ਨੇ ਵਿਖਾਵਾ ਕੀਤਾ ਅਤੇ ਬਲੂਚਿਸਤਨ ਵਿੱਚ ਲਗਾਤਾਰ ਵਧਦੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੇ ਹਰਨਾਈ ਘਟਨਾ ਬਾਰੇ ਨਾਅਰੇਬਾਜ਼ੀ ਕੀਤੀ, ਜਿੱਥੇ ਪਾਕਿਸਤਾਨੀ ਫੌਜ ਨੇ ਉਨ੍ਹਾਂ ਦੀ ਨੌਂ ਸਾਲਾ ਬੇਟੀ ਨਾਜ ਬੀਬੀ ਸਮੇਤ ਕੈਸਰ ਚਲਗਰੀ ਦੇ ਪਰਵਾਰ ਨੂੰ ਮਾਰ ਸੁੱਟਿਆ ਹੈ।

ਬਲੂਚ ਨੈਸ਼ਨਲ ਮੂਵਮੈਂਟ ਯੂ ਕੇ ਜ਼ੋਨ ਦੇ ਮੁਖੀ ਹਕੀਮ ਬਲੂਚ ਨੇ ਕਿਹਾ ਕਿ ਬ੍ਰਿਟੇਨ ਵਿੱਚ ਬਲੂਚ ਭਾਈਚਾਰਾ ਬਲੂਚਿਸਤਾਨ 'ਚ ਪਾਕਿਸਤਾਨ ਦੀ ਫੌਜੀ ਕਾਰਵਾਈ ਦੀ ਸਖ਼ਤ ਨਿੰਦਾ ਕਰਦਾ ਹੈ। ਬਲੂਚਿਸਤਾਨ ਦੇ ਨੇਤਾ ਰਾਜੀ ਜੁੰਬੇਸ਼ ਨੇ ਕਿਹਾ ਕਿ ਪਾਕਿਸਤਾਨ ਨੇ ਬਲੂਚਿਸਤਾਨ ਵਿੱਚ ਕਹਿਰ ਤੇ ਅੱਤਵਾਦ ਪੈਦਾ ਕਰਨ ਲਈ ਆਪਣਾ ਡੈੱਥ ਸਕੁਐਡ ਭੇਜਿਆ ਹੈ। ਉਹ ਨਿਰਦੋਸ਼ ਬਲੂਚ ਔਰਤਾਂ ਦੀ ਹੱਤਿਆ ਅਤੇ ਘਰਾਂ ਉੱਤੇ ਹਮਲਾ ਕਰ ਕੇ ਪੂਰੇ ਬਲੂਚ ਭਾਈਚਾਰੇ ਨੂੰ ਡਰਾਉਣਾ ਚਾਹੁੰਦੇ ਹਨ ਤਾਂ ਜੋ ਲੋਕ ਅਸੁਰੱਖਿਆਤ ਮਹਿਸੂਸ ਕਰਨ। ਬਲੂਚਿਸਤਾਨ ਵਿੱਚ ਵੱਡੀ ਗਿਣਤੀ ਵਿੱਚ ਸਿਆਸੀ ਵਰਕਰ, ਬੁੱਧੀਜੀਵੀ, ਔਰਤਾਂ ਤੇ ਬੱਚੇ ਸੁਰੱਖਿਆ ਏਜੰਸੀਆਂ ਵੱਲੋਂ ਗਾਇਬ ਕੀਤੇ ਜਾ ਰਹੇ ਹਨ। ਕੁਝ ਹਿਰਾਸਤ ਕੇਂਦਰਾਂ ਵਿੱਚ ਦਮ ਤੋੜ ਰਹੇ ਹਨ ਅਤੇ ਇਨ੍ਹਾਂ ਵਿੱਚੋਂ ਕੁਝ ਅਗਵਾ ਬਲੂਚਾਂ ਦੇ ਕੱਟੇ ਹੋਏ ਸਰੀਰ ਵੱਖ-ਵੱਖ ਥਾਵਾਂ 'ਤੇ ਮਿਲਦੇ ਹਨ।

# ਵੋਟ ਸਰਵੇਖਣ ਵਿੱਚ ਬਿਡੇਨ ਤੋਂ 15 ਪੁਆਇੰਟ ਪਿੱਛੇ ਫਿਰਦੇ ਹਨ ਡੋਨਾਲਡ ਟਰੰਪ



ਵਾਸ਼ਿੰਗਟਨ, 21 ਜੁਲਾਈ (ਪੋਸਟ ਬਿਊਰੋ)- ਇੱਕ ਨਵੇਂ ਸਰਵੇਖਣ ਵਿੱਚ ਖੁਲਾਸਾ ਹੋਇਆ ਹੈ ਕਿ ਨਵੰਬਰ ਵਿੱਚ ਹੋਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਲਈ ਡੋਨਾਲਡ ਟਰੰਪ ਆਪਣੇ ਡੈਮੋਕ੍ਰੇਟਿਕ ਵਿਰੋਧੀ ਜੋ ਬਿਡੇਨ ਤੋਂ 15 ਫੀਸਦੀ ਦੇ ਫਰਕ ਨਾਲ ਪਿੱਛੇ ਹਨ। ਇਹੋ ਜਿਹੀਆਂ ਰਿਪੋਰਟਾਂ ਪਿਛਲੇ ਹਫਤੇ ਵੀ ਆਈਆਂ ਸਨ।

ਪੋਲਿਟਿਕੋ ਨਿਊਜ਼ ਮੁਤਾਬਕ ਏ ਬੀ ਸੀ ਨਿਊਜ, ਵਾਸ਼ਿੰਗਟਨ ਪੋਸਟ ਵੱਲੋਂ ਕਰਵਾਏ ਵੋਟ ਸਰਵੇਖਣ ਦਾ ਨਤੀਜਾ ਐਤਵਾਰ ਨੂੰ ਜਾਰੀ ਕੀਤਾ ਗਿਆ ਤਾਂ ਖੁਲਾਸਾ ਹੋਇਆ ਕਿ ਬਿਡੇਨ ਕੋਲ 54 ਫੀਸਦੀ ਅਤੇ ਟਰੰਪ ਕੋਲ 44 ਫੀਸਦੀ ਲੋਕਾਂ ਦਾ ਸਮਰਥਨ ਹੈ। ਇਹ ਲਗਾਤਾਰ ਪੰਜਵਾਂ ਉਚ ਗੁਣਵੱਤਾ ਵਾਲਾ ਵੋਟ ਸਰਵੇਖਣ ਹੈ, ਜਿਸ ਨੇ ਸਾਬਕਾ ਉਪ ਰਾਸ਼ਟਰਪਤੀ ਜੋਅ ਬਿਡੇਨ ਨੂੰ ਡੋਨਾਲਡ ਟਰੰਪ ਤੋਂ 10 ਜਾਂ ਵੱਧ ਫੀਸਦੀ ਨਾਲ ਅੱਗੇ ਦਿਖਾਇਆ ਗਿਆ ਹੈ।

ਜੂਨ ਦੀ ਦੂਸਰੀ ਛਿਮਾਹੀ ਦੇ ਬਾਅਦ ਕੀਤੇ ਗਏ ਨੌਂ ਅਜਿਹੇ ਸਰਵੇਖਣਾਂ ਵਿੱਚੋਂ ਜੋਅ ਬਿਡੇਨ ਸੱਤਾਂ ਵਿੱਚ ਡਬਲ ਡਿਜਿਟ ਨਾਲ ਟਰੰਪ ਤੋਂ ਅੱਗੇ ਰਹੇ ਹਨ। ਬੀਤੇ ਐਤਵਾਰ ਨੂੰ ਏ ਬੀ ਸੀ ਨਿਊਜ਼/ ਸਰਵੇਖਣਾਂ ਵਿੱਚੋਂ ਜੋਅ ਬਿਡੇਨ ਸੱਤਾਂ ਵਿੱਚ ਡਬਲ ਡਿਜਿਟ ਨਾਲ ਟਰੰਪ ਤੋਂ ਅੱਗੇ ਚੱਲ ਰਹੇ ਸਨ। ਓਸੇ ਦਿਨ ਏ ਬੀ ਸੀ ਨਿਊਜ਼/ ਵਾਸ਼ਿੰਗਟਨ ਪੋਸਟ ਪੋਲ ਜਾਰੀ ਹੋਣ ਤੋਂ ਪਹਿਲਾਂ ਜੋਅ ਬਿਡੇਨ ਨੇ ਰਿਅਲ ਕਲੇਅਰ ਪਾਲੀਟਿਕਸ ਐਵਰੇਜ਼ ਵਿੱਚ ਨੌਂ ਫੀਸਦੀ ਦਾ ਵਾਧਾ ਹਾਸਲ ਕੀਤਾ ਹੈ। ਇਸ ਦੌਰਾਨ ਪਿਛਲੇ ਹਫਤੇ ਜਾਰੀ ਇੱਕ ਕਵਿਨਪਿਆਕ ਯੂਨੀਵਰਸਿਟੀ ਦੇ ਸਰਵੇਖਣ ਵਿੱਚ ਰਜਿਸਟਰਡ ਵੋਟਰਾਂ ਵਿੱਚੋਂ 45 ਫੀਸਦੀ ਨੇ ਬਿਡੇਨ ਦੇ ਪੱਖ ਦੀ ਰਾਇ ਰੱਖੀ ਤੇ 43 ਫੀਸਦੀ ਨੇ ਉਨ੍ਹਾਂ ਨੂੰ ਗਲਤ ਮੰਨਿਆ।

# ਪਾਕ ਦੱਖਣੀ ਏਸ਼ੀਆ ਵਿੱਚ ਸਭ ਤੋਂ ਤੇਜ਼ ਵੱਧਦੀ ਆਬਾਦੀ ਵਾਲੇ ਦੋ ਮੁੱਖ ਦੇਸ਼ਾਂ ਵਿੱਚੋਂ ਇੱਕ

ਇਸਲਾਮਾਬਾਦ, 21 ਜੁਲਾਈ (ਪੋਸਟ ਬਿਊਰੋ)- ਕੁੱਲ 22.09 ਕਰੋੜ ਦੀ ਆਬਾਦੀ ਅਤੇ ਪ੍ਰਤੀ ਜੋੜਾ 3.6 ਬੱਚਿਆਂ ਦੀ ਜਣੇਪਾ ਦਰ ਨਾਲ ਪਾਕਿ-ਸਤਾਨ ਦੱਖਣੀ ਏਸ਼ੀਆ ਖੇਤਰ ਦੇ ਸਭ ਤੋਂ ਤੇਜ਼ੀ ਨਾਲ ਵੱਧਦੀ ਆਬਾਦੀ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ, ਜਿਸ ਦੀ ਵਧਦੀ ਆਬਾਦੀ ਚਿੰਤਾ ਪੈਦਾ ਕਰਨ ਵਾਲੀ ਹੈ। ਅਮਰੀਕਾ ਦੇ ਗ਼ੈਰ-ਸਰਕਾਰੀ ਸੰਗਠਨ ਯੂ ਐਸ ਪਾਪੂਲੇਸ਼ਨ ਰਿਫ੍ਰੈਂਸ ਬਿਊਰੋ ਦੀ ਰਿਪੋਰਟ ਵਿੱਚ ਇਹ ਗੱਲ ਕਹੀ ਗਈ ਹੈ ਕਿ ਉਸ ਦੀ 2020 ਦੀ ਵਿਸ਼ਵ ਪਾਪੂਲੇਸ਼ਨ ਡਾਟਾ ਸ਼ੀਟ ਦੇ ਅਨੁਸਾਰ ਜੰਗ ਤੋਂ ਪ੍ਰਭਾਵਿਤ ਅਫਗਾਨਿਸਤਾਨ ਪ੍ਰਤੀ ਜੋੜਾ 4.5 ਬੱਚਿਆਂ ਨਾਲ ਚਾਰਟ ਵਿੱਚ ਸਭ ਤੋਂ ਉਪਰ ਹੈ। ਉਸ ਨੇ ਪਿੱਛੇ ਜਿਹੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਕਰੀਬ 1.4 ਅਰਬ ਆਬਾਦੀ ਨਾਲ ਭਾਰਤ ਦੁਨੀਆ ਵਿੱਚ ਦੂਸਰੀ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਹੈ, ਪਰ ਉਸ ਨੇ ਆਪਣੀ ਜਣੇਪਾ ਦਰ ਘਟਾ ਕੇ 2.2 ਕਰ ਲਈ ਹੈ।

ਡਾਨ ਨਿਊਜ ਨੇ ਇਸ ਅਧਿਐਨ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਪਾਕਿ-ਸਤਾਨ ਵਿੱਚ 3.6 ਦੀ ਜਣੇਪਾ ਦਰ ਦੇ ਹਿਸਾਬ ਨਾਲ ਉਸ ਦੀ ਆਬਾਦੀ 19.4 ਸਾਲਾਂ ਵਿੱਚ ਦੁੱਗਣੀ ਹੋ ਜਾਵੇਗੀ। ਇਸ ਹਿਸਾਬ ਨਾਲ ਦੱਖਣੀ ਏਸ਼ੀਆ ਦੁਨੀਆ ਵਿੱਚ ਤੇਜ਼ੀ ਨਾਲ ਵੱਧਦੀ ਆਬਾਦੀ ਵਾਲੇ ਖੇਤਰਾਂ ਵਿੱਚ ਸ਼ਾਮਲ ਹੈ। ਇਸ ਖੇਤਰ ਵਿੱਚ ਅਫਗਾਨਿਸਤਾਨ ਤੇ ਪਾਕਿਸਤਾਨ ਸਭ ਤੋਂ ਵੱਧ ਤੇਜ਼ੀ ਨਾਲ ਵਧਦੀ ਆਬਾਦੀ ਵਾਲੇ ਦੇਸ਼ ਹਨ। ਅਫਗਾਨਿਸਤਾਨ ਵਿੱਚ ਆਬਾਦੀ ਵਾਧਾ ਦਰ ਪਾਕਿਸਤਾਨ ਤੋਂ ਜ਼ਿਆਦਾ ਹੈ ਅਤੇ ਓਥੇ ਪ੍ਰਤੀ ਜੋੜਾ 4.5 ਬੱਚਿਆਂ ਦੀ ਜਣੇਪਾ ਦਰ ਹੈ, ਪਰ ਵੱਡੀ ਮੌਤ ਫੀਸਦੀ ਅਤੇ ਨੀਵੇਂ ਜੀਵਨ ਪੱਧਰ ਦੇ ਕਾਰਨ ਅਫਗਾਨਿਸਤਾਨ ਦੀ ਆਬਾਦੀ ਹਾਲੇ ਵੀ 3.80 ਕਰੋੜ ਹੈ। ਬੰਗਲਾਦੇਸ਼ ਦੀ ਆਬਾਦੀ 2020 ਵਿੱਚ ਕਰੀਬ 16.98 ਕਰੋੜ ਹੈ ਤੇ ਉਥੇ ਜਣੇਪਾ ਦਰ 2.3 ਹੈ। ਉਹ ਇਸ ਖੇਤਰ ਵਿੱਚ ਤੇਜ਼ੀ ਨਾਲ ਵੱਧਦੀ ਆਬਾਦੀ ਵਾਲੇ ਦੇਸ਼ਾਂ ਵਿੱਚ ਤੀਸਰੇ ਥਾਂ ਹੈ। ਉਸਦੇ ਬਾਅਦ ਮਾਲਦੀਵ ਦਾ ਨੰਬਰ ਹੈ। ਭਾਰਤ ਅਤੇ ਨੇਪਾਲ ਪੰਜਵੇਂ ਅਤੇ ਸ਼੍ਰੀਲੰਕਾ ਅਤੇ ਭੁਟਾਨ ਆਖ਼ਿਰੀ ਥਾਂ ਹਨ। ਇਸ ਅਧਿਐਨ ਵਿੱਚ ਏਸ਼ੀਆ ਨੂੰ ਦੁਨੀਆ ਵਿੱਚ ਸਭ ਤੋਂ ਵੱਧ ਆਬਾਦੀ ਵਾਲਾ ਖੇਤਰ ਦੱਸਿਆ ਗਿਆ ਅਤੇ ਅਨੁਮਾਨ ਲਾਇਆ ਹੈ ਕਿ ਉਸਦੀ ਆਬਾਦੀ 2020 ਦੇ 4.6 ਅਰਬ ਤੋਂ ਵੱ ਕੇ 2050 ਵਿੱਚ 5.3 ਅਰਬ ਹੋ ਜਾਵੇਗੀ।

# ਰੂਸੀ ਅਰਬਪਤੀਆਂ ਨੇ ਕੋਰੋਨਾ ਦੇ ਡਰ ਕਾਰਨ ਅਪ੍ਰੈਲ 'ਚ ਹੀ ਟੀਕੇ ਲਵਾ ਲਏ ਸਨ

ਮਾਸਕੋ, 21 ਜੁਲਾਈ (ਪੋਸਟ ਬਿਊਰੋ)- ਦੁਨੀਆ 'ਚ ਕੋਰੋਨਾ ਵਾਇਰਸ ਦੀ ਵੈਕਸੀਨ ਲਈ ਜੱਦੋਜ਼ਹਿਦ ਜਾਰੀ ਹੈ ਅਤੇ ਅੱਜ ਤੱਕ ਛੇ ਲੱਖ ਤੋਂ ਵੱਧ ਲੋਕਾਂ ਦੀ ਜਾਨ ਲੈ ਚੁੱਕੇ ਇਸ ਵਾਇਰਸ ਨਾਲ ਦੁਨੀਆ ਦੇ 196 ਦੇਸ਼ ਪ੍ਰੇਸ਼ਾਨ ਹੋਏ ਪਏ ਹਨ। ਇਸ ਦੌਰਾਨ ਰੂਸ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਕੋਰੋਨਾ ਵਾਇਰਸ ਦੀ ਵੈਕਸੀਨ ਦਾ ਇਨਸਾਨਾਂ 'ਤੇ ਟਰਾਇਲ ਪੂਰੀ ਕਰ ਲਿਆ ਹੈ। ਰੂਸ ਦੀ ਇਸ ਵੈਕਸੀਨ ਬਾਰੇ ਇੱਕ ਵੱਡਾ ਖੁਲਾਸਾ ਹੋਇਆ ਹੈ ਕਿ ਉਸ ਦੇਸ਼ ਦੇ ਅਰਬਪਤੀਆਂ ਨੇ ਅਪ੍ਰੈਲ ਮਹੀਨੇ 'ਚ ਹੀ ਕੋਰੋਨਾ ਦੇ ਟੀਕੇ ਲਗਵਾ ਲਏ ਸਨ।

ਬਲੂਮਬਰਗ ਦੀ ਰਿਪੋਰਟ ਮੁਤਾਬਕ ਰੂਸ ਦੇ ਅਰਬਪਤੀਆਂ ਅਤੇ ਰਾਜਨੇਤਾਵਾਂ ਨੂੰ ਕੋਰੋਨਾ ਵਾਇਰਸ ਦੀ ਪ੍ਰਯੋਗਿਕ ਵੈਕਸੀਨ ਨੂੰ ਅਪ੍ਰੈਲ 'ਚ ਹੀ ਦੇ ਦਿੱਤਾ ਗਿਆ ਸੀ। ਇਸ ਮੁੱਦੇ ਨਾਲ ਜੁੜੇ ਸੂਤਰਾਂ ਨੇ ਦੱਸਿਆ ਕਿ ਜਿਨ੍ਹਾਂ ਅਮੀਰਾਂ ਨੂੰ ਇਹ ਵੈਕਸੀਨ ਦਿੱਤੀ ਗਈ, ਉਨ੍ਹਾਂ ਵਿੱਚ ਐਲੂਮੀਨੀਅਮ ਦੀ ਵੱਡੀ ਕੰਪਨੀ ਯੂਨਾਈਟਿਡ ਰਸੇਲ ਦੇ ਵੱਡੇ ਅਧਿਕਾਰੀ, ਅਰਬਪਤੀ ਅਤੇ ਸਰਕਾਰੀ ਅਧਿਕਾਰੀ ਸ਼ਾਮਲ ਹਨ। ਇਸ ਵੈਕਸੀਨ ਨੂੰ ਮਾਸਕੋ ਵਿੱਚ ਰੂਸ ਦੀ ਇੱਕ ਸਰਕਾਰੀ ਕੰਪਨੀ ਗਮਲੇਯਾ ਇੰਸਟੀਚਿਊਟ ਨੇ ਅਪ੍ਰੈਲ 'ਚ ਤਿਆਰ ਕੀਤਾ ਸੀ। ਰੂਸੀ ਅਧਿਕਾਰੀਆਂ ਨੇ ਇਹ ਨਹੀਂ ਦੱਸਿਆ ਕਿ ਰੂਸੀ ਰਾਸ਼ਟਰਪਤੀ ਵਾਲਦੀਮੀਰ ਪੁਤਿਨ ਨੂੰ ਇਹ ਵੈਕਸੀਨ ਦਿੱਤੀ ਗਈ ਜਾਂ ਨਹੀਂ। ਰੂਸ 'ਚ ਕੋਰੋਨਾ ਵਾਇਰਸ ਦੇ 7,5000 ਕਸੇ ਪਤਾ ਲੱਗੇ ਹਨ। ਰੂਸ ਦੀ ਗਮਲੇਈ ਦੀ ਵੈਕਸੀਨ ਪੱਛਮੀ ਦੇਸ਼ਾਂ ਦੇ ਮੁਕਾਬਲੇ ਜ਼ਿਆਦਾ ਤੇਜ਼ੀ ਨਾਲ ਅੱਗੇ ਵਧ ਰਹੀ ਹੈ।

# ਅਮਰੀਕਾ ਦੀ ਪੁਲਸ ਵੱਲੋਂ 12 ਸਾਲ ਦਾ ਕਾਰ ਚੋਰ ਗ੍ਰਿਫ਼ਤਾਰ

ਨਿਊ ਕੈਸਲ, 21 ਜੁਲਾਈ (ਪੋਸਟ ਬਿਊਰੋ)- ਦੇਲਾਵਰੇ ਦੀ ਪੁਲਸ ਨੇ 12 ਸਾਲ ਦੇ ਇੱਕ ਨੌਜਵਾਨ ਨੂੰ ਗੈਸ ਸਟੇਸ਼ਨ ਤੋਂ ਪਿਕਅਪ ਟਰੱਕ ਚੋਰੀ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਦੱਸਿਆ ਕਿ ਵਾਹਨ ਚੋਰੀ ਕਰਨ ਤੋਂ ਬਾਅਦ ਉਹ ਤੇਜ਼ ਰਫ਼ਤਾਰ ਨਾਲ ਉਸ ਨੂੰ ਲੈ ਕੇ ਭੱਜਿਆ ਅਤੇ ਬਾਅਦ 'ਚ ਵਾਹਨ ਹਾਦਸੇ ਦਾ ਸ਼ਿਕਾਰ ਹੋਣ ਤੋਂ ਬਾਅਦ ਉਸ ਨੇ ਪੈਦਲ ਭੱਜਣ ਦੀ ਕੋਸ਼ਿਸ਼ ਕੀਤੀ, ਜਿਸ ਦੇ ਬਾਅਦ ਫੜਿਆ ਗਿਆ। ਲਾਵਰੇ ਸੂਬੇ ਦੀ ਪੁਲਸ ਨੇ ਕਿਹਾ ਕਿ ਲੜਕੇ ਨੇ 2003 ਮਾਡਲ ਦੀ ਫੋਰਡ ਰੇਂਜਰ ਉਸ ਸਮੇਂ ਚੋਰੀ ਕੀਤੀ, ਜਦੋਂ ਗੱਡੀ ਦਾ ਮਾਲਕ ਕੱਲ੍ਹ ਨਿਊਕੈਸਲ ਵਿੱਚ ਵਾਵਾ ਗੈਸ ਸਟੇਸ਼ਨ ਕੋਲ ਏ ਟੀ ਐਮ ਦੀ ਵਰਤੋਂ ਕਰ ਰਿਹਾ ਸੀ। ਪੁਲਸ ਨੇ ਇਸ ਲੜਕੇ ਦਾ ਨਾਂ ਨਹੀਂ ਦੱਸਿਆ। ਜਦੋਂ ਪੁਲਸ ਨੇ ਵਾਹਨ ਦਾ ਪਤਾ ਲਾ ਲਿਆ ਤਾਂ ਲੜਕੇ ਨੇ ਕਾਰ ਰੋਕਣ ਤੋਂ ਇਨਕਾਰ ਕਰ ਦਿੱਤਾ ਅਤੇ ਪੁਲਸ ਨੂੰ ਆਪਣੇ ਪਿੱਛੇ ਭਜਾਉਂਦਾ ਰਿਹਾ। ਉਨ੍ਹਾਂ ਨੇ ਦੱਸਿਆ ਕਿ ਖੜੀ ਕਾਰ ਨਾਲ ਟਕਰਾਉਣ ਤੋਂ ਬਾਅਦ ਉਸ ਨੇ ਯੂ-ਟਰਨ ਲਿਆ ਅਤੇ ਵਾਹਨ ਇੱਕ ਵਾਰ ਫਿਰ ਡਿਵਾਈਡਰ ਨਾਲ ਟਕਰਾ ਗਿਆ। ਪੁਲਸ ਨੇ ਦੱਸਿਆ ਕਿ ਟੱਕਰ ਤੋਂ ਬਾਅਦ ਲੜਕੇ ਨੇ ਵਾਹਨ ਵਿੱਚੋਂ ਨਿਕਲ ਕੇ ਪੈਦਲ ਭੱਜਣ ਦੀ ਕੋਸ਼ਿਸ਼ ਕੀਤੀ ਪਰ ਪੁਲਸ ਨੇ ਉਸ ਨੂੰ ਫੜ ਲਿਆ। ਨਾਲ ਹੀ ਦੱਸਿਆ ਕਿ ਲੜਕੇ 'ਤੇ ਕਈ ਦੋਸ਼ ਲੱਗੇ ਹਨ ਅਤੇ ਉਸ ਨੂੰ 8008 ਡਾਲਰ ਦੇ ਮੁਚਲਕੇ 'ਤੇ ਉਸ ਦੇ ਮਾਤਾ-ਪਿਤਾ ਨੂੰ ਸੌਂਪ ਦਿੱਤਾ ਗਿਆ, ਪਰ ਅਗਲੀ ਕਾਰਵਾਈ ਚੱਲਦੀ ਰਹੇਗੀ।

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment


(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

# ਫਿਲਮੀ ਦੁਨੀਆ



## ਕੰਮ ਲਈ ਡੈਡ ਦਾ ਨਾਂਅ ਕਦੇ ਨਹੀਂ ਲਿਆ : ਵਿੱਕੀ ਕੌਸ਼ਲ

ਫਿਲਮ 'ਲਵ ਸ਼ਵ ਤੇ ਚਿਕਨ ਖੁਰਾਨਾ' ਦੇ ਲਈ ਪਹਿਲੀ ਵਾਰ ਕੈਮਰੇ ਦਾ ਸਾਹਮਣਾ ਕਰਨ ਵਾਲੇ ਵਿੱਕੀ ਕੌਸ਼ਲ ਨੇ ਇਸ ਤੋਂ ਪਹਿਲਾਂ ਫਿਲਮ 'ਗੈਂਗਸ ਆਫ ਵਾਸੇਪੁਰ' ਲਈ ਬਤੌਰ ਅਸਿਸਟੈਂਟ ਡਾਇਰੈਕਟਰ ਕੈਮਰੇ ਪਿੱਛੇ ਕਰੀਅਰ ਸ਼ੁਰੂ ਕੀਤਾ ਸੀ। ਅੱਜ ਤੱਕ 'ਮਸਾਨ', 'ਜ਼ੁਬਾਨ', 'ਰਮਨ ਰਾਘਵ 2.0', 'ਲਵ ਪਰ ਸਕੇਅਰ ਫੁਟ', 'ਰਾਜ਼ੀ', 'ਲਸਟ ਸਟੋਰੀਜ਼', 'ਸੰਜੂ', 'ਮਨਮਰਜ਼ੀਆਂ' ਤੋਂ ਲੈ ਕੇ 'ਉੜੀ : ਦਿ ਸਰਜੀਕਲ ਸਟਰਾਈਕ' ਵਰਗੀਆਂ ਫਿਲਮਾਂ ਅਤੇ ਵੈੱਬ ਸੀਰੀਜ਼ 'ਚ ਆਪਣੇ ਕੰਮ ... ਲਈ ਉਹ ਪ੍ਰਸ਼ੰਸਾ ਖੱਟ ਚੁੱਕੇ ਹਨ। ਲਾਕਡਾਊਨ ਤੋਂ ਪਹਿਲਾਂ ਤੱਕ ਉਹ ਆਪਣੀ ਅਗਲੀ ਫਿਲਮ 'ਸਰਦਾਰ ਊਧਮ ਸਿੰਘ' ਦੀ ਸ਼ੂਟਿੰਗ ਵਿੱਚ ਰੁੱਝੇ ਸਨ। ਇਸ ਦੇ ਇਲਾਵਾ ਉਨ੍ਹਾਂ ਕੋਲ ਇੱਕ ਹੋਰ ਬਿਗ ਬਜਟ ਫਿਲਮ 'ਤਖਤ' ਹੈ। ਪੇਸ਼ ਹਨ ਵਿੱਕੀ ਨਾਲ ਹੋਈ ਇੱਕ ਗੱਲਬਾਤ ਦੇ ਕੁਝ ਅੰਸ਼ :

* ਤੁਹਾਨੂੰ ਰਾਤੋ-ਰਾਤ ਸਫਲਤਾ ਨਹੀਂ ਮਿਲੀ। ਆਪਣੇ ਸਟਰਗਲ ਬਾਰੇ ਕੁਝ ਦੱਸੋ?

- ਮੇਰੇ ਪਿਤਾ ਫਿਲਮ ਇੰਡਸਟਰੀ ਤੋਂ ਹਨ, ਪਰ ਮੈਨੂੰ ਕੋਈ ਵੀ ਕੰਮ ਉਨ੍ਹਾਂ ਦੀ ਵਜ੍ਹਾ ਨਾਲ ਨਹੀਂ ਮਿਲਿਆ। ਨਾ ਕਦੇ ਮੈਂ ਉਨ੍ਹਾਂ ਦੇ ਨਾਂਅ ਦਾ ਸਹਾਰਾ ਲੈਣ ਦੀ ਕੋਸ਼ਿਸ਼ ਕੀਤੀ ਹੈ। ਮੇਰੇ ਪਿਤਾ ਨੇ ਪੰਜਾਬ ਤੋਂ ਮੁੰਬਈ ਆ ਕੇ ਬਹੁਤ ਗਰੀਬੀ ਦੇਖੀ ਹੈ। ਮਲਾਡ ਦੀ ਇੱਕ ਚਾਲ 'ਚ ਮੇਰਾ ਜਨਮ ਹੋਇਆ ਅਤੇ ਸਿਨੇਮਾ 'ਚ ਮੇਰਾ ਜਨਮ ਕੈਮਰੇ ਦੇ ਪਿੱਛੇ। 'ਗੈਂਗਸ ਆਫ ਵਾਸੇਪੁਰ' ਵਿੱਚ ਨਵਾਜੁਦੀਨ ਸਿੱਦੀਕੀ ਜਦੋਂ ਐਕਟਿੰਗ ਕਰ ਰਹੇ ਸਨ ਤਾਂ ਮੈਂ 'ਕਲੈਪ ਬੁਆਏ' ਸੀ। ਇਥੋਂ ਤੱਕ ਪਹੁੰਚਣ ਲਈ ਮੈਂ ਕਈ ਸਾਲ ਫਿਲਮ ਨਗਰੀ ਵਿੱਚ ਪਸੀਨਾ ਵਹਾਇਆ ਹੈ। ਜਦੋਂ ਮੈਂ ਆਡੀਸ਼ਨ ਦੇਣੇ ਸ਼ੁਰੂ ਕੀਤੇ ਤਾਂ ਮੈਨੂੰ ਮਹਿਸੂਸ ਹੋਇਆ ਕਿ ਮੇਰੀ ਮੰਜ਼ਿਲ ਅਜੇ ਬਹੁਤ ਦੂਰ ਹੈ। ਮੈਨੂੰ ਯਾਦ ਹੈ ਕਿ ਇੱਕ ਦਿਨ ਮੈਂ ਲੰਚ ਕਰ ਰਿਹਾ ਸੀ ਅਤੇ ਮੇਰੀ ਮਾਂ ਮੇਰੇ ਨਾਲ ਬੈਠੀ ਹੋਈ ਸੀ। ਉਹ ਬੁਰਾ ਦਿਨ ਸੀ, ਮੈਂ ਨਿਰਾਸ਼ ਸੀ। ਮੈਂ ਮਾਂ ਨੂੰ ਕਿਹਾ ਕਿ ਮੈਨੂੰ ਨਹੀਂ ਸਮਝ ਆ ਰਿਹਾ ਕਿ ਇਹ ਸਭ ਕਿਵੇਂ ਹੋਵੇਗਾ। ਉਦੋਂ ਮਾਂ ਨੇ ਕਿਹਾ ਕਿ ਇਹ ਹੋਵੇਗਾ ਜਾਂ ਨਹੀਂ ਹੋਵੇਗਾ, ਇਹ ਤੁਹਾਡੀ ਜ਼ਿੰਮੇਵਾਰੀ ਨਹੀਂ। ਤੁਸੀਂ ਬੱਸ ਇਹ ਯਕੀਨ ਜ਼ਿੰਦਾ ਰੱਖਣਾ ਹੈ ਕਿ ਇਹ ਹੋ ਜਾਵੇਗਾ। ਇਹ ਕਿਸੇ ਸੁਫਨੇ ਦੀ ਤਰ੍ਹਾਂ ਹੈ। ਕਦੇ ਕਦੇ ਮੈਨੂੰ ਲੱਗਦਾ ਹੈ ਕਿ ਪ੍ਰਮਾਤਮਾ ਮੇਰੇ 'ਤੇ ਬਹੁਤ ਮਿਹਰਬਾਨ ਰਿਹਾ ਹੈ।

* ਅੱਗੇ ਕਿਹੜੇ ਫਿਲਮਕਾਰਾਂ ਦੇ ਨਾਲ ਤੁਸੀਂ ਕੰਮ ਕਰਨਾ ਚਾਹੁੰਦੇ ਹੋ?

-ਅਜਿਹੇ ਬਹੁਤ ਸਾਰੇ ਹਨ। ਉਂਝ ਮੈਂ ਜ਼ੋਇਆ ਅਖਤਰ, ਮਣੀਰਤਨਮ, ਵਿਸ਼ਾਲ ਭਾਰਦਵਾਜ ਅਤੇ ਹੋਰ ਬਹੁਤ ਸਾਰੇ ਲੋਕਾਂ ਦੇ ਨਾਲ ਕੰਮ ਕਰਨਾ ਚਾਹੁੰਦਾ ਹਾਂ।

* ਕੀ ਤੁਸੀਂ ਕਦੇ ਡੇਟਿੰਗ ਐਪਸ ਅਜ਼ਮਾਏ ਹਨ?

-ਕਦੇ ਨਹੀਂ। ਇਹ ਮੇਰੀ ਸਮਝ ਤੋਂ ਪਰੇ ਹੈ। ਮੇਰੇ ਲਈ ਸਭ ਤੋਂ ਪਹਿਲਾਂ ਰੋਮਾਂਸ ਹੋਣਾ ਜ਼ਰੂਰੀ ਹੈ, ਘੱਟੋ-ਘੱਟ ਆਪਣੇ ਲਈ। ਮੈਂ ਚਾਹੁੰਦਾ ਹਾਂ ਕਿ ਇਹ ਆਰਗੈਨਿਕ ਤਰੀਕੇ ਨਾਲ ਹੋਵੇ। ਮੈਂ ਪਿਆਰ ਦੀ ਯੋਜਨਾ ਨਹੀਂ ਬਣਾਉਣੀ ਚਾਹਾਂਗਾ। ਅਜਿਹੇ ਐਪਸ 'ਤੇ ਤੁਸੀਂ ਡਿਜ਼ੀਟਲੀ ਕਿਸੇ ਨੂੰ ਜਾਨਣ ਤੋਂ ਬਾਅਦ ਉਸ ਨੂੰ ਮਿਲਣ ਦੀ ਯੋਜਨਾ ਬਣਾਉਂਦੇ ਹੋ। ਮੈਨੂੰ ਨਹੀਂ ਪਤਾ ਕਿ ਇਹ ਲੋਕ ਕਿਵੇਂ ਸਭ ਕਰ ਲੈਂਦੇ ਹਨ। ਇਹ ਮੇਰੀ ਸਮਝ ਤੋਂ ਪਰੇ ਹੈ। ਉਂਝ ਕਈ ਲੋਕਾਂ ਨੂੰ ਇਸ ਤਰ੍ਹਾਂ ਆਪਣਾ ਪਿਆਰ ਮਿਲਿਆ ਹੈ, ਜੋ ਚੰਗੀ ਗੱਲ ਹੈ। ਮੇਰੇ ਕਈ ਦੋਸਤ ਵੀ ਹਨ ਜਿਨ੍ਹਾਂ ਨੂੰ ਇਸ ਤਰੀਕੇ ਰਾਹੀਂ ਜੀਵਨ ਸਾਥੀ ਮਿਲਿਆ ਹੈ, ਪਰ ਮੈਨੂੰ ਇਹ ਸਭ ਪਸੰਦ ਨਹੀਂ ਹੈ।

* ਜੇ ਤੁਸੀਂ ਅਭਿਨੇਤਾ ਨਾ ਹੁੰਦੇ ਤਾਂ ਕੀ ਹੁੰਦੇ?

- ਜੇ ਮੈਂ ਅਭਿਨੇਤਾ ਨਾ ਹੁੰਦਾ ਤਾਂ ਮੈਨੂੰ ਨਹੀਂ ਪਤਾ ਕਿ ਮੈਂ ਕੀ ਹੁੰਦਾ, ਪਰ ਇੰਨਾ ਜ਼ਰੂਰ ਪਤਾ ਹੈ ਕਿ ਮੈਂ ਫਿਲਮ ਨਿਰਮਾਣ 'ਚ ਯਕੀਨੀ ਤੌਰ 'ਤੇ ਕਿਸੇ ਨਾ ਕਿਸੇ ਤਰ੍ਹਾਂ ਨਾਲ ਯੋਗਦਾਨ ਦੇ ਰਿਹਾ ਹੁੰਦਾ। ਇੰਨਾ ਤੈਅ ਹੈ ਕਿ ਮੈਨੂੰ ਫਿਲਮ ਦੇ ਸੈਟ 'ਤੇ ਰਹਿਣਾ ਪਸੰਦ ਹੈ। ਪਤਾ ਕਿ ਕਿਸ ਤਰ੍ਹਾਂ, ਪਰ ਮੈਂ ਯਕੀਨੀ ਤੌਰ 'ਤੇ ਫਿਲਮਾਂ 'ਚ ਯੋਗਦਾਨ ਦਿੰਦਾ ਰਹਾਂਗਾ।

* ਮਾਇਆ ਨਗਰੀ 'ਚ ਤੁਹਾਡੇ ਸਭ ਤੋਂ ਨਜ਼ਦੀਕੀ ਦੋਸਤ ਕੌਣ ਹਨ?

-ਨਿਰਦੇਸ਼ਕ ਆਨੰਦ ਤਿਵਾੜੀ, ਅੰਗੀਰਾ ਧਰ, ਤਾਪਸੀ ਪੰਨੂ ਆਦਿ ਮੇਰੇ ਕਈ ਚੰਗੇ ਦੋਸਤ ਹਨ। ਅਜਿਹੀ ਨਹੀਂ ਕਿ ਅਸੀਂ ਰੋਜ਼ਾਨਾ ਗੱਲਾਂ ਕਰਦੇ ਹਾਂ, ਪਰ ਜਦੋਂ ਵੀ ਮਿਲਦੇ ਹਾਂ ਤਾਂ ਬਹੁਤ ਚੰਗਾ ਲੱਗਦਾ ਹੈ।

* ਤੁਸੀਂ ਤਣਾਅ ਤੋਂ ਕਿਵੇਂ ਬਚਦੇ ਹੋ?

- ਤਣਾਅ ਤੋਂ ਬਚਣ ਦਾ ਮੇਰਾ ਪਹਿਲਾ ਤਰੀਕਾ ਚੰਗੀ ਨੀਂਦ ਲੈਣਾ ਹੈ। ਦੂਜਾ ਤਰੀਕਾ ਜੋ ਮੇਰੇ ਲਈ ਅਸਲ ਵਿੱਚ ਕੰਮ ਕਰਦਾ ਹੈ ਅਤੇ ਉਹ ਹੈ ਸਰੀਰਕ ਸਰਗਰਮੀਆਂ 'ਚ ਖੁਦ ਨੂੰ ਬਿਜ਼ੀ ਕਰਨ ਦੀ ਕੋਸ਼ਿਸ਼ ਕਰਨਾ, ਜਿਵੇਂ ਜਿੰਮ ਜਾਣਾ ਜਾਂ ਕੋਈ ਖੇਡ ਖੇਡਣਾ। ਜਦੋਂ ਵੀ ਮੈਂ ਕੋਈ ਖੇਡ ਖੇਡਦਾ ਹਾਂ ਤਾਂ ਇਹ ਮੈਨੂੰ ਕਾਫੀ ਹੱਦ ਤੱਕ ਮੇਰੀ ਨਿਰਾਸ਼ਾ ਦੂਰ ਕਰ ਦਿੰਦਾ ਹੈ। ਜੇ ਤੁਸੀਂ ਸੁਖੀ ਜੀਵਨ ਦੀ ਇੱਛਾ ਰੱਖਦੇ ਹੋ ਤਾਂ ਸਭ ਤੋਂ ਪਹਿਲਾਂ ਤਣਾਅ 'ਤੇ ਕਾਬੂ ਪਾਓ।

## ਮੈਂ ਤਾਂ ਬੜੀ ਪੜ੍ਹਾਕੂ ਸੀ : ਸਾਰਾ ਅਲੀ ਖਾਨ



ਅਭਿਨੇਤਰੀ ਅੰਮ੍ਰਿਤਾ ਸਿੰਘ ਤੇ ਸਟਾਰ ਅਭਿਨੇਤਾ ਸੈਫ ਅਲੀ ਖਾਨ ਦੀ ਬੇਟੀ ਸਾਰਾ ਅਲੀ ਖਾਨ ਨੇ ਆਪਣੀ ਡੈਬਿਊ ਫਿਲਮ 'ਕੇਦਾਰਨਾਥ' ਵਿੱਚ ਹੀ ਬਾਜ਼ੀ ਮਾਰ ਲਈ। ਸਾਰਾ ਦੀ ਦੂਜੀ ਫਿਲਮ 'ਸਿੰਬਾ' ਉਸ ਦੇ ਅਗਲੇ ਹਫਤੇ ਭਾਵ 2018 ਵਿੱਚ ਰਿਲੀਜ਼ ਹੋਈ। ਇਸ ਫਿਲਮ ਨੇ ਸਾਰਾ ਨੂੰ ਸਟਾਰ ਦਾ ਦਰਜਾ ਦਿੱਤਾ। ਉਸ ਦੀ ਪਿਛਲੀ ਫਿਲਮ 'ਲਵ ਆਜਕੱਲ੍ਹ' ਸੀ। ਪੇਸ਼ ਹਨ ਸਾਰਾ ਨਾਲ ਹੋਈ ਗੱਲਬਾਤ ਦੇ ਮੁੱਖ ਅੰਸ਼ :

* ਤੁਹਾਡੀ ਨਜ਼ਰ ਵਿੱਚ ਪਿਆਰ ਕੀ ਹੈ?

- ਪਿਆਰ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਮੁਸ਼ਕਲ ਹੈ। ਇਹ ਫੀਲਿੰਗ ਹੈ, ਜਿਸ ਨੂੰ ਵਿਅਕਤੀ ਅਨੁਭਵ ਕਰ ਸਕਦਾ ਹੈ, ਇਸ ਨੂੰ ਸਮਝਣ ਵਿੱਚ ਕਈ ਸਾਲ ਲੱਗ ਜਾਂਦੇ ਹਨ, ਪਿਆਰ ਕੀ ਹੈ ਇਸ ਨੂੰ ਦੱਸਣਾ ਮੇਰੇ ਲਈ ਅਸੰਭਵ ਹੈ। ਪਿਆਰ ਦਾ ਇਜ਼ਹਾਰ ਕਰਨ ਦਾ ਤਰੀਕਾ ਸਮੇਂ ਨਾਲ ਬਦਲਦਾ ਹੈ, ਪਰ ਉਸ ਦਾ ਰੂਪ ਇੱਕ ਹੀ ਰਹਿੰਦਾ ਹੈ। ਪਿਆਰ ਦੇ ਬਿਨਾਂ ਜ਼ਿੰਦਗੀ ਜਿਊਣ ਦਾ ਮਜ਼ਾ ਹੀ ਨਹੀਂ ਆਉਂਦਾ।

* ਪਿਛਲੀ ਫਿਲਮ 'ਚ ਕਾਰਤਿਕ ਆਰਿਅਨ ਨਾਲ ਕੰਮ ਕਰਨ ਦਾ ਅਨੁਭਵ ਕਿਹੋ ਜਿਹਾ ਰਿਹਾ?

- ਕਾਰਤਿਕ ਕੰਮ ਨੂੰ ਆਸਾਨ ਬਣਾਉਂਦਾ ਹੈ ਅਤੇ ਕੰਮ ਕਰਨ ਦੇ ਉਤਸ਼ਾਹ ਨੂੰ ਜਗਾਉਂਦਾ ਹੈ ਜਿਸ ਨਾਲ ਕਿਸੇ ਵੀ ਦ੍ਰਿਸ਼ ਨੂੰ ਕਰਨਾ ਮੇਰੇ ਲਈ ਆਸਾਨ ਹੋ ਜਾਂਦਾ ਹੈ। ਮੈਂ ਉਡੀਕ ਕਰਦੀ ਸੀ ਕਿ ਉਸ ਨਾਲ ਕੋਈ ਫਿਲਮ ਕਰਨ ਦਾ ਮੌਕਾ ਮਿਲੇ, ਜੋ ਇਸ ਫਿਲਮ ਨੇ ਮੈਨੂੰ ਦਿੱਤਾ।

* ਫਿਲਮਾਂ 'ਚ ਆਉਣਾ ਇੱਕ ਸਬੱਬ ਸੀ ਜਾਂ ਬਚਪਨ ਤੋਂ ਸੋਚਿਆ ਸੀ?

-ਬਚਪਨ ਤੋਂ ਮੈਂ ਕਾਫੀ ਪੜ੍ਹਾਕੂ ਸੀ। ਕਾਲਜ ਦੌਰਾਨ ਨਾਟਕਾਂ ਵਿੱਚ ਕੰਮ ਕਰਨ 'ਚ ਮੈਨੂੰ ਬਹੁਤ ਮਜ਼ਾ ਆਇਆ। ਉਦੋਂ ਮੈਂ ਦ੍ਰਿੜ ਕਰ ਲਿਆ ਕਿ ਮੈਂ ਇਸੇ ਫੀਲਡ ਵਿੱਚ ਕੰਮ ਕਰਨਾ ਹੈ। ਅਭਿਨੈ ਵੱਲ ਇਹ ਝੁਕਾਅ ਸ਼ਾਇਦ ਮੇਰੇ ਖੂਨ 'ਚ ਹੀ ਸੀ। ਮੈਨੂੰ ਇਹ ਵਿਰਾਸਤ 'ਚ ਜੋ ਮਿਲਿਆ ਹੈ।

* ਕੀ ਤੁਸੀਂ ਕਿਸੇ ਲਵ ਸਟੋਰੀ ਨੂੰ ਪੜ੍ਹਿਆ ਹੈ?


-ਮੈਂ ਕਿਤਾਬਾਂ ਤੋਂ ਵੱਧ ਪਲੇਅ ਪੜ੍ਹੇ ਹਨ, ਪਰ ਮੈਨੂੰ ਸ਼ੇਕਸਪੀਅਰ ਦਾ ਪਲੇਅ 'ਰੋਮੀਓ ਐਂਡ ਜੂਲੀਅਟ' ਸਭ ਤੋਂ ਜ਼ਿਆਦਾ ਪਸੰਦ ਹੈ। ਮੈਨੂੰ ਲਵ ਸਟੋਰੀ ਦੇਖਣੀ ਬਹੁਤ ਪਸੰਦ ਹੈ।

* ਤੁਸੀਂ ਸਪੱਸ਼ਟਵਾਦੀ ਹੋ, ਇਸ ਦਾ ਨੁਕਸਾਨ ਕੀ ਕਦੇ ਤੁਹਾਨੂੰ ਹੋਇਆ?

- ਹਾਂ, ਮੈਂ ਸਟ੍ਰੇਟ ਫਾਰਵਰਡ ਹਾਂ, ਇਸ ਲਈ ਮੇਰੇ ਬੋਲਣ ਨਾਲ ਮੇਰਾ ਨੁਕਸਾਨ ਹੀ ਹੋਇਆ ਹੈ।

* ਇਹ ਤਾਕਤ ਤੁਹਾਡੇ 'ਚ ਕਿਵੇਂ ਆਈ?

- ਹਰ ਚੀਜ਼ ਜੋ ਮੈਂ ਜਾਣਦੀ ਜਾਂ ਕਰਦੀ ਹਾਂ, ਮੇਰੀ ਮਾਂ ਦੀ ਦੇਣ ਹੈ। ਉਹ ਬਹੁਤ ਸਟਰਾਂਗ ਅਤੇ ਆਤਮ ਨਿਰਭਰ ਮਹਿਲਾ ਹੈ। ਉਨ੍ਹਾਂ ਨੇ ਇਕੱਲੇ ਮੇਰੀ ਤੇ ਮੇਰੇ ਭਰਾ ਦੀ ਪਰਵਰਿਸ਼ ਕੀਤੀ ਹੈ। ਉਨ੍ਹਾਂ ਦੀ ਵਜ੍ਹਾ ਨਾਲ ਅੱਜ ਮੈਂ ਇਥੇ ਹਾਂ। ਮੇਰੀ ਮਾਂ ਜੇ ਮਜ਼ਬੂਤ ਨਾ ਹੁੰਦੀ ਤਾਂ ਅੱਜ ਇਬਰਾਹੀਮ ਤੇ ਮੇਰਾ ਵਜੂਦ ਕੀ ਹੁੰਦਾ? ਮੈਂ ਮਾਂ ਨੂੰ ਦੇਖ ਦੇਖ ਕੇ ਵੱਡੀ ਹੋਈ ਹਾਂ। ਮੈਂ ਦੇਖਿਆ ਹੈ ਕਿ ਜ਼ਿੰਦਗੀ ਵਿੱਚ ਹਰ ਪਲ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਮੈਂ ਆਪਣੀ ਤਾਕਤ ਨੂੰ ਕਾਇਮ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ। ਮੈਂ ਬਹੁਤ ਜਲਦੀ ਇਹ ਵੀ ਜਾਣ ਲਿਆ ਹੈ ਕਿ ਜਿੰਨੀ ਜਲਦੀ ਆਦਮੀ ਉਪਰ ਜਾਂਦਾ ਹੈ ਓਨੀ ਹੀ ਜਲਦੀ ਹੇਠਾਂ ਵੀ ਆਉਂਦਾ ਹੈ। ਮੈਨੂੰ ਉਨ੍ਹਾਂ ਤੋਂ ਹੀ ਪ੍ਰੇਰਨਾ ਮਿਲਦੀ ਹੈ।



## ਮਾਤਾ-ਪਿਤਾ ਨੇ ਮੇਰੀ ਸਿਫਾਰਸ਼ ਨਹੀਂ ਕੀਤੀ : ਸਿਕੰਦਰ ਖੇਰ

ਪਿੱਛੇ ਜਿਹੇ ਰਿਲੀਜ਼ ਵੈੱਬ ਸੀਰੀਜ਼ 'ਆਰਿਆ' ਵਿੱਚ ਦੌਲਤ ਦੇ ਕਿਰਦਾਰ ਵਿੱਚ ਸਿਕੰਦਰ ਖੇਰ ਦੀ ਕਾਫੀ ਪ੍ਰਸ਼ੰਸਾ ਹੋਈ। ਸਿਕੰਦਰ ਆਉਂਦੇ ਦਿਨਾਂ ਵਿੱਚ ਰੋਹਿਤ ਸ਼ੈੱਟੀ ਦੇ ਨਿਰਦੇਸ਼ਨ ਵਿੱਚ ਬਣੀ ਫਿਲਮ 'ਸੂਰਿਆਵੰਸ਼ੀ' ਵਿੱਚ ਵੀ ਨਜ਼ਰ ਆਉਣਗੇ। ਇਨ੍ਹੀਂ ਦਿਨੀਂ ਪਰਵਾਰਵਾਦ 'ਤੇ ਚੱਲ ਰਹੀ ਬਹਿਸ ਦੇ ਨਾਲ-ਨਾਲ ਇੰਡਸਟਰੀ ਵਿੱਚ ਆਪਣੇ ਬਾਰਾਂ ਸਾਲਾਂ ਦੇ ਤਜਰਬੇ ਉਨ੍ਹਾਂ ਨੇ ਸਾਂਝੇ ਕੀਤੇ। ਪੇਸ਼ ਹਨ ਸਿਕੰਦਰ ਖੇਰ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* 'ਆਰਿਆ' ਦੇ ਲਈ ਮੰਮੀ ਕਿਰਨ ਖੇਰ ਅਤੇ ਪਿਤਾ ਅਨੁਪਮ ਖੇਰ ਦੀ ਕੀ ਪ੍ਰਤੀਕਿਰਿਆ ਸੀ?

- ਦੋਵਾਂ ਨੇ ਇਹ ਸ਼ੋਅ ਦੇਖਿਆ। ਆਪਣੇ ਹਰ ਪ੍ਰੋਜੈਕਟ ਲਈ ਮੈਨੂੰ ਮੰਮੀ ਦੀ ਪ੍ਰਤੀਕਿਰਿਆ ਦਾ ਬੇਸਬਰੀ ਨਾਲ ਇੰਤਜ਼ਾਰ ਹੁੰਦਾ ਹੈ। ਉਹ ਹਮੇਸ਼ਾ ਅਸਲੀ ਪ੍ਰਤੀਕਿਰਿਆ ਦਿੰਦੀ ਹੈ। ਜੇ ਪਸੰਦ ਨਹੀਂ ਆਉਂਦਾ ਤਾਂ ਮੇਰੇ ਸਾਹਮਣੇ ਖਰਾਬ ਕਹਿ ਦਿੰਦੀ ਹੈ। ਮੈਨੂੰ ਖੁਸ਼ੀ ਹੈ 'ਆਰਿਆ' ਵਿੱਚ ਮੇਰੇ ਕੰਮ ਦੇ ਨਾਲ-ਨਾਲ ਮੰਮੀ-ਪਾਪਾ ਨੂੰ ਪੂਰਾ ਸ਼ੋਅ ਬਹੁਤ ਪਸੰਦ ਆਇਆ।

* ਚੰਗੇ ਕਿਰਦਾਰ ਚੁਣਨਾ ਜਾਂ ਕਿਸੇ ਵੀ ਕਿਰਦਾਰ ਨੂੰ ਚੰਗੀ ਤਰ੍ਹਾਂ ਨਿਭਾਉਣਾ, ਤੁਹਾਡੇ ਲਈ ਕੀ ਵੱਧ ਮਾਇਨੇ ਰੱਖਦਾ ਹੈ?

-ਕਿਰਦਾਰ ਚੁਣਦੇ ਸਮੇਂ ਕਹਾਣੀ ਮੇਰੀ ਸਭ ਤੋਂ ਵੱਡੀ ਪਹਿਲ ਹੁੰਦੀ ਹੈ। ਕਹਾਣੀ ਚੰਗੀ ਰਹੇ ਤਾਂ ਉਸ ਦੇ ਸਾਰੇ ਕਿਰਦਾਰ ਨਿਖਰ ਕੇ ਸਾਹਮਣੇ ਆਉਂਦੇ ਹਨ। ਮੈਨੂੰ ਵੱਖ-ਵੱਖ ਕਿਰਦਾਰ ਨਿਭਾਉਣ ਵਿੱਚ ਮਜ਼ਾ ਆਉਂਦਾ ਹੈ। ਮੇਰੀ ਕੋਸ਼ਿਸ਼ ਰਹਿੰਦੀ ਹੈ ਕਿ ਮੈਂ ਆਪਣੇ ਕਿਰਦਾਰ ਨੂੰ ਦੂਸਰਿਆਂ ਤੋਂ ਵੱਖ ਤੇ ਚੰਗੀ ਤਰ੍ਹਾਂ ਨਿਭਾਵਾਂ। ਇਸ ਲਈ ਮੈਂ ਕਿਸੇ ਇੱਕ ਚੀਜ਼ ਨੂੰ ਪਹਿਲ ਨਹੀਂ ਦੇ ਸਕਦਾ। ਮੇਰੇ ਲਈ ਦੋਵੇਂ ਬਰਾਬਰ ਮਾਇਨੇ ਰੱਖਦੇ ਹਨ।

* 'ਸੂਰਿਆਵੰਸ਼ੀ' ਵਿੱਚ ਤੁਹਾਡੇ ਕਿਰਦਾਰ ਵਿੱਚ ਕੀ ਵੱਖ ਦਿਸੇਗਾ? ਕੀ ਤੁਸੀਂ ਐਕਸ਼ਨ ਅਵਤਾਰ ਵਿੱਚ ਨਜ਼ਰ ਆਓਗੇ?

-ਇਸ ਫਿਲਮ ਵਿੱਚ ਮੇਰਾ ਜੌਨ ਨਾਂਅ ਦਾ ਛੋਟਾ ਜਿਹਾ ਕਿਰਦਾਰ ਹੈ, ਜੋ ਗੋਆ ਵਿੱਚ ਰਹਿੰਦਾ ਹੈ। ਕਿਰਦਾਰ ਛੋਟਾ, ਪਰ ਕਾਫੀ ਮਜ਼ੇਦਾਰ ਹੈ। ਰੋਹਿਤ ਸ਼ੈਟੀ ਵੱਡੀਆਂ ਫਿਲਮਾਂ ਬਣਾਉਣ ਦਾ ਮਾਹਰ ਹੈ। ਇਸ ਫਿਲਮ ਨੂੰ ਬੈਂਕਾਕ ਅਤੇ ਮੁੰਬਈ ਵਿੱਚ ਸ਼ੂਟ ਕੀਤਾ ਗਿਆ ਹੈ। ਅਕਸ਼ੈ ਕੁਮਾਰ ਤੇ ਰੋਹਿਤ ਦੋਵੇਂ ਪ੍ਰੋਫੈਸ਼ਨਲ ਹੋਣ ਦੇ ਨਾਲ ਸੈਟ 'ਤੇ ਕਾਫੀ ਕਾਫੀ ਹਾਸਾ-ਮਜ਼ਾਕ ਵੀ ਕਰਦੇ ਰਹਿੰਦੇ ਹਨ। ਅਜਿਹੇ ਵਿੱਚ ਉਸ ਦੇ ਸੈਟ 'ਤੇ ਹਮੇਸ਼ਾ ਹਲਕਾ-ਫੁਲਕਾ ਮਾਹੌਲ ਬਣਿਆ ਰਹਿੰਦਾ ਹੈ। ਫਿਲਮ ਵਿੱਚ ਮੇਰੇ ਵੀ ਇੱਕ ਦੋ ਐਕਸ਼ਨ ਸੀਕਵੈਂਸ ਹਨ। ਫਿਲਹਾਲ ਫਿਲਮ ਰਿਲੀਜ਼ ਨਹੀਂ ਹੋਈ ਹੈ, ਤਾਂ ਜ਼ਿਆਦਾ ਵਿਸਥਾਰ ਨਾਲ ਨਹੀਂ ਦੱਸ ਸਕਦਾ। ਮੈਂ ਇੱਕ ਹੋਰ ਵੈੱਬ ਸੀਰੀਜ਼ ਵਿੱਚ ਵੀ ਕੰਮ ਕਰ ਰਿਹਾ ਹਾਂ, ਜਿਸ ਦੇ ਕੁਝ ਹਿੱਸਿਆਂ ਦੀ ਸ਼ੂਟਿੰਗ ਹੋ ਚੁੱਕੀ ਹੈ। ਜਲਦੀ ਹੀ ਅਸੀਂ ਬਾਕੀ ਹਿੱਸਿਆਂ ਦੀ ਸ਼ੂਟਿੰਗ ਸ਼ੁਰੂ ਕਰਾਂਗੇ।

* ਕੀ ਡਿਜ਼ੀਟਲ ਪਲੇਟਫਾਰਮ ਦੇ ਕਾਰਨ ਸਟਾਰਡਮ ਸਿਸਟਮ 'ਤੇ ਵੀ ਕੁਝ ਫਰਕ ਪਿਆ ਹੈ?

- ਕਿਸੇ ਨੂੰ ਸਟਾਰ ਬਣਾਉਣ ਵਿੱਚ ਪ੍ਰਸ਼ੰਸਕਾਂ ਦਾ ਹੱਥ ਹੁੰਦਾ ਹੈ। ਦਰਸ਼ਕਾਂ ਨੂੰ ਜਿਸ ਦਾ ਕੰਮ ਪਸੰਦ ਆਉਂਦਾ ਹੈ, ਉਨ੍ਹਾਂ ਨੂੰ ਸਟਾਰ ਬਣਾ ਦਿੰਦੇ ਹਨ। ਡਿਜ਼ੀਟਲ ਪਲੇਟਫਾਰਮ 'ਤੇ ਵੀ ਸਟਾਰ ਬਣ ਰਹੇ ਹਨ, ਪਰ ਅਜਿਹਾ ਨਹੀਂ ਕਿ ਉਹ ਡਿਜ਼ੀਟਲ ਪਲੇਟਫਾਰਮ ਤੱਕ ਸੀਮਿਤ ਰਹਿਣਗੇ। ਸਟਾਰ ਬਣਨ ਦੇ ਪਿੱਛੇ ਲੋਕਾਂ ਦੀ ਸਾਲਾਂ ਦੀ ਸਖਤ ਮਿਹਨਤ ਹੁੰਦੀ ਹੈ। ਅਮਿਤਾਭ ਬੱਚਨ ਹੋਣ ਜਾਂ ਸ਼ਾਹਰੁਖ ਖਾਨ, ਹਰ ਸੁਪਰ ਸਟਾਰ ਆਪਣੇ ਸਟਾਰਡਮ ਨੂੰ ਬਣਾਈ ਰੱਖਣ ਦੇ ਲਈ ਅੱਜ ਵੀ ਖੂਬ ਮਿਹਨਤ ਕਰ ਰਹੇ ਹਨ। ਮੈਨੂੰ ਨਹੀਂ ਲੱਗਦਾ ਕਿ ਇਸ ਨਾਲ ਕਿਸੇ ਦੇ ਸਟਾਰਡਮ 'ਤੇ ਕੋਈ ਫਰਕ ਪਵੇਗਾ।

OURR HOME & APPLIANCES

UPTO 70% OFF WAREHOUSE SALE

416.551.3343 OPEN TO PUBLIC

www.ourrhomeappliances.com

Unbeatable Prices with Excellent Customer Service

SERVING ONTARIO FROM

TORONTO
44 FASKEN DR, # 2 - 9
ETOBICOKE, ON M9W 5M8
(416)-792-0877, (416)-551-3343

STONEY CREEK
#6 – 410 LEWIS ROAD
STONEY CREEK, ON L8E 5Y7
(905) 643-0818

LONDON
#4 -1540 FANSHAWE PARK RD. W,
LONDON, ON N6H 5L8
(519)-641-1010

BRAMPTON
1-241 CLARENCE ST.,
BRAMPTON, ON L6W 3E7
(416)-551-3343

AUTHORISED DEALER OF ALL NAME BRANDS

JENN-AIR Whirlpool MAYTAG Electrolux SAMSUNG LG KitchenAid FRIGIDAIRE GE

BRAND NEW & OPEN BOX APPLIANCES



REXDALE BODY SHOP

USED CAR SALE

Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779

RENTAL CAR PROVIDED

25 years of Canadian Experience

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

OPEN MON - SAT 9AM TO 7PM

CHEEMA

LOWEST PRICE IN TOWN

Towing Service Car Paint Starts $799* upto 100% Deductible Paid*

Call Rick or Manminder Cheema: 416.749.9596 / 416.951.6431

30 Racine Rd. Toronto, ON, M9W 2Z3, FAX: 416.749.9597

www.AAABODYSHOP.ca

mcheemaaaa@hotmail.com



ਨਵਾਂ ਘਾਹ ਲਵਾਉ

647-784-1213

www.aaalandscaping.ca

1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ

2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ

3 ਨਵਾਂ ਘਾਹ ਲਵਾਉ

4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ



ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?

BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ
ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ
ਤੇ ਤੁਹਾਡੇ ਕਰਜ਼ੇ ਦਾ ਲਗਭਗ 75%
ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION



NEED A LAWYER ??

KAUR LAW OFFICE

Red Seal NOTARY

MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099

Fax: 905-454-2234

2575 Steeles Ave. E., Unit 1,Brampton, ON L6T 5T1



Steinmetz & Associates

PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims

Protect yourself, Protect your family, Know your rights.

For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU

647.539.3020

1450 Meyerside Drive, Suite 308, Mississauga

2 OFFICES TO SERVE YOU

55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.205.5777

416.802.5866

31 Melanie Dr. Unit #4 Brampton, ON L6T 5H8

FOR SALE
$369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।

FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।

SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।